ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਵੀਰਵਾਰ, ਮਿਤੀ 22 ਦਸੰਬਰ, 2011 ਨੂੰ ਸਵੇਰੇ 11.30 ਵਜੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਅ.ਸ. ਬਰਾੜ . . . (ਸਭਾਪਤੀ)
   ਉਪ-ਕੁਲਪਤੀ
2. ਸਕੱਤਰ, ਉਚੇਰੀ ਸਿੱਖਿਆ ਵਿਭਾਗ
   (ਸੁਨੀਤਾ ਸਹਿਗਲ ਢਿੱਲੋਂ, . . . (Nominee)
   ਪ੍ਰਿੰਸੀਪਲ, ਗੌਰਮਿੰਟ ਕਾਲਜ, ਅਜਨਾਲਾ)
3. ਡਾ. ਰਜਿੰਦਰਜੀਤ ਕੌਰ,
   ਡੀਨ, ਅਕਾਦਮਿਕ ਮਾਮਲੇ
4. ਡਾ. ਜੇ.ਐਸ. ਬੱਲ,
   ਡੀਨ, ਐਗਰੀਕਲਚਰਲ ਤੇ ਫੋਰੈਸਟਰੀ ਫੈਕਲਟੀ
5. ਡਾ. ਰਾਧਾ ਸ਼ਰਮਾ,
   ਡੀਨ, ਆਰਟਸ ਤੇ ਸੋਸ਼ਲ ਸਾਇੰਸਜ਼ ਫ਼ੈਕਲਟੀ
6. ਡਾ. ਰਾਕੇਸ਼ ਮਹਾਜਨ,
   ਡੀਨ, ਸਾਇੰਸਜ਼ ਫੈਕਲਟੀ
7. ਡਾ. ਪਰਮਜੀਤ ਸਿੰਘ ਸਿੱਧੂ,
   ਪ੍ਰੋਫੈਸਰ ਅਤੇ ਮੁਖੀ, ਸਕੂਲ ਆਫ ਪੰਜਾਬੀ ਸਟੱਡੀਜ਼
8. ਡਾ. ਜਸਪਾਲ ਸਿੰਘ,
   ਪ੍ਰੋਫੈਸਰ ਅਤੇ ਮੁਖੀ, ਲਾਅ ਵਿਭਾਗ
9. ਸ੍ਰੀਮਤੀ ਰਘਬੀਰ ਕੌਰ,
   ਪ੍ਰਿੰਸੀਪਲ, ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਮੈਮੋਰੀਅਲ ਕਾਲਜ ਫਾਰ ਵੂਮੈਨ, ਰਈਆ
10. ਡਾ. ਐਸ.ਕੇ. ਮੋਡਗਿੱਲ,
    ਪ੍ਰਿੰਸੀਪਲ, ਐਸ.ਐਸ.ਐਮ. ਕਾਲਜ, ਦੀਨਾ ਨਗਰ
11. ਪ੍ਰੋ. ਮਨਜੀਤ ਸਿੰਘ, ਪਟਿਆਲਾ
12. ਡਾ. ਦਿਨੇਸ਼ ਸ਼ਰਮਾ,
    ਪ੍ਰਿੰਸੀਪਲ, ਏ.ਬੀ. ਕਾਲਜ, ਪਠਾਨਕੋਟ
13. ਡਾ. ਇੰਦਰਜੀਤ ਸਿੰਘ . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਦਸਿੱਆ ਕਿ ਵਰਤਮਾਨ ਸਿੰਡੀਕੇਟ ਉੱਤੇ ਪ੍ਰੋ. ਵਿਰਸਾ ਸਿੰਘ ਵਲਟੋਹਾ, ਡਾ. ਦਿਨੇਸ਼ ਸ਼ਰਮਾ ਅਤੇ ਸ. ਲਖਬੀਰ ਸਿੰਘ ਲੋਧੀਨੰਗਲ ਦੀ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ।

ਉਪ-ਕੁਲਪਤੀ ਸਾਹਿਬ ਨੇ ਇੱਕਤਰਤਾ ਵਿਚ ਸ਼ਾਮਲ ਹੋਣ ਲਈ ਆਏ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

ਸਿੰਡੀਕੇਟ ਦੀ ਇਕੱਤਰਤਾ ਮਿਤੀ 27.9.2011 ਦੀ ਕਾਰਵਾਈ ਦੀ ਵਾਧੇ/ਮੁੜ-ਵਿਚਾਰ/ ਸੋਧ ਸਹਿਤ ਪੁਸ਼ਟੀ।

1. ਸਿੰਡੀਕੇਟ ਦੀ ਇੱਕਤਰਤਾ ਮਿਤੀ 27.9.2011 ਦੀ ਕਾਰਵਾਈ ਦੀ ਪੁਸ਼ਟੀ ਪੈਰਾ ਨੰ: 64,78 ਅਤੇ 87(3) ਵਿਚ ਹੇਠ ਲਿਖੇ ਵਾਧੇ/ਮੁੜ-ਵਿਚਾਰ/ਸੋਧ ਸਹਿਤ ਪੁਸ਼ਟੀ ਕਰਨ ਤੇ ਵਿਚਾਰ ਹੋਈ:-

ਪੈਰਾ ਨੰ: 64

"ਇਹ ਵੀ **ਪਾਸ ਹੋਇਆ** ਕਿ ਓ.ਐਸ.ਡੀ. ਸਪੋਰਟਸ ਨੂੰ ਡਾਇਰੈਕਟਰ ਸਪੋਰਟਸ ਵਾਲੀਆਂ ਸਾਰੀਆਂ ਡਿਊਟੀਆਂ ਅਤੇ ਅਧਿਕਾਰ ਵਰਤਣ ਦੇ ਅਧਿਕਾਰ ਦਿੱਤੇ ਜਾਂਦੇ ਹਨ।"

ਨੋਟ:- ਉਪ-ਕੁਲਪਤੀ ਸਾਹਿਬ ਵੱਲੋਂ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਓ.ਐਸ.ਡੀ. ਸਪੋਰਟਸ ਨੂੰ ਡਾਇਰੈਕਟਰ ਸਪੋਰਟਸ ਵਾਲੀਆਂ ਸਾਰੀਆਂ ਡਿਊਟੀਆਂ ਅਤੇ ਅਧਿਕਾਰ ਵਰਤਣ ਦੇ ਆਦੇਸ਼ ਕੀਤੇ ਗਏ ਹਨ ਤਾਂ ਜੋ ਸਪੋਰਟਸ ਵਿਭਾਗ ਦਾ ਕੰਮ ਸੁਚੱਜੇ ਢੰਗ ਨਾਲ ਚੱਲ ਸਕੇ।

ਪੈਰਾ ਨੰ: 78

ਸਿੰਡੀਕੇਟ ਦੀ ਇੱਕਤਰਤਾ ਮਿਤੀ 27.9.2011 ਦੇ ਪੈਰਾ 78 ਰਾਹੀਂ ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਾਮਰਸ ਅਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਨੂੰ ਯੂਨੀਵਰਸਿਟੀ ਸੇਵਾ ਤੋਂ ਬਰਖਾਸਤ ਕਰਨ ਸਬੰਧੀ 'ਕਾਰਣ ਦੱਸੋ ਨੋਟਿਸ' ਜਾਰੀ ਕਰਨ ਦੇ ਲਏ ਗਏ ਨਿਰਣੇ ਤੇ ਯੂਨੀਵਰਸਿਟੀ ਸਟੈਂਡਿੰਗ ਕੌਂਸਲ ਦੀ ਹੇਠ ਲਿਖੀ ਰਾਏ ਨੂੰ ਮੁੱਖ ਰੱਖਦਿਆਂ ਮੁੜ ਵਿਚਾਰ ਹੋਈ:-

"The Syndicate may, review its earlier decision taken vide para No. 78 dated 27.9.2011, for giving another last chance to Dr. G.S. Bhalla for submitting his reply to the charge sheet. It be specified to him in writing that all documents relevent to the enquiry having already been supplied to him, no further time shall be granted for submission of his reply to the charge sheet beyond that last chance being now given. It be further specified that thereafter no further request for supply of more documents to him on any excuse whatsoever, including the pretext of his request for any documents under the R.T.I. Act, shall be entertained, and if he still does not submit his reply to the charge sheet dated 9.6.2011 within the next 15 days from the receipt of the fresh communication, then further ex-parte action will be taken in the matter in accordance with law."

ਪੈਰਾ ਨੰ: 87(3)

| ਵਰਤਮਾਨ ਨਿਰਣਾ | ਸੋਧਿਆ ਨਿਰਣਾ |
|---|---|
| ਡਾ. ਬਲਵਿੰਦਰ ਸਿੰਘ, ਮੁਖੀ ਕਾਮਰਸ ਅਤੇ ਬਿਜਨਸ ਮੈਨੇਜਮੈਂਟ ਵਿਭਾਗ ਵੱਲੋਂ ਲੈਕਚਰਾਂ ਦੀ ਘਾਟ (Shortage of lectures) ਸਬੰਧੀ ਕੀਤੀਆਂ ਬੇਨਿਯਮੀਆਂ ਬਹੁਤ ਗੰਭੀਰ ਪ੍ਰਵਿਰਤੀ ਦੀਆਂ (Serious) ਹਨ, ਜਿਸ ਨੂੰ ਮੁੱਖ ਰੱਖਦਿਆਂ ਉਸਨੂੰ ਯੂਨੀਵਰਸਿਟੀ ਸੇਵਾ ਤੋਂ ਮੁਅੱਤਲ (Suspend) ਕਰਨਾ ਬਣਦਾ ਹੈ। ਪ੍ਰੰਤੂ ਉਸਦੀ ਯੂਨੀਵਰਸਿਟੀ ਵਿਖੇ | (ੳ) ਡੀਨ, ਫੈਕਲਟੀ ਆਫ ਇਕਨਾਮਿਕਸ ਅਤੇ ਬਿਜ਼ਨੈਸ ਨੂੰ ਮਿਤੀ 5.10.2011 ਤੋਂ ਅਗਲੇ ਆਦੇਸ਼ਾਂ ਤੱਕ ਕਾਮਰਸ ਅਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਦੇ ਮੁਖੀ ਦਾ ਵਾਧੂ ਚਾਰਜ ਦਿੱਤਾ ਜਾਂਦਾ ਹੈ।<br>(ਅ) ਡਾ. ਬਲਵਿੰਦਰ ਸਿੰਘ, ਰੀਡਰ, ਕਾਮਰਸ ਅਤੇ ਬਿਜ਼ਨੈਸ |

ਲੰਮੀ ਸੇਵਾ ਅਤੇ ਵਿਦਿਆਰਥੀਆਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਡਾ. ਬਲਵਿੰਦਰ ਸਿੰਘ ਨੂੰ ਯੂਨੀਵਰਸਿਟੀ ਸੇਵਾ ਤੋਂ ਮੁਅਤਲ (Suspend) ਕਰਨ ਦੀ ਬਜਾਏ, ਉਸਨੂੰ ਮੁਖੀ ਵਿਭਾਗ ਦੀ ਜੁੰਮੇਵਾਰੀ ਤੋਂ ਤੁਰੰਤ ਫਾਰਗ ਕੀਤਾ ਜਾਂਦਾ ਹੈ ਕਿਉਂ ਜੋ ਜੇਕਰ ਉਹ ਮੁਖੀ ਵਿਭਾਗ ਦੇ ਅਹੁੱਦੇ ਤੇ ਰਹਿੰਦੇ ਹਨ ਤਾਂ ਉਨ੍ਹਾਂ ਵਿਰੁੱਧ ਚਲ ਰਹੀ ਪੜਤਾਲ ਨੂੰ ਉਹ ਪ੍ਰਭਾਵਿਤ ਕਰ ਸਕਦੇ ਹਨ ਅਤੇ ਉਨ੍ਹਾਂ ਵਿਰੁੱਧ ਉਚਿਤ ਢੰਗ ਨਾਲ (Properly) ਪੜਤਾਲ ਸੰਭਵ ਨਹੀਂ। ਉਨ੍ਹਾਂ ਦੇ ਮੁਖੀ ਵਿਭਾਗ ਵਜੋਂ ਰਹਿੰਦਿਆਂ ਹੋਇਆਂ ਕੋਈ ਵੀ ਉਨ੍ਹਾਂ ਦੇ ਖਿਲਾਫ ਗਵਾਹੀ ਦੇਣ ਲਈ ਤਿਆਰ ਨਹੀਂ ਹੋਵੇਗਾ ਅਤੇ ਉਹ ਖੁੱਦ ਵੀ ਰਿਕਾਰਡ ਨਾਲ ਛੇੜ-ਛਾੜ ਕਰ ਸਕਦੇ ਹਨ।

ਮੈਨੇਜਮੈਂਟ ਵਿਭਾਗ ਨੂੰ ਮਿਤੀ 21.10.2011 ਤੋਂ ਉਕਤ ਵਿਭਾਗ ਦੇ ਮੁਖੀ ਵਜੋਂ ਮੁੜ-ਬਹਾਲ ਕੀਤਾ ਜਾਂਦਾ ਹੈ।

**ਪਾਸ ਹੋਇਆ** ਕਿ-

(I) ਸਿੰਡੀਕੇਟ ਦੀ ਇੱਕਤਰਤਾ ਮਿਤੀ 27.9.2011 ਦੀ ਕਾਰਵਾਈ ਦੀ ਪੁਸ਼ਟੀ ਪੈਰਾ ਨੰ: 64 ਵਿਚ ਹੇਠ ਲਿਖੇ ਵਾਧੇ ਸਹਿਤ ਕੀਤੀ ਜਾਂਦੀ ਹੈ:-

> "ਇਹ ਵੀ **ਪਾਸ ਹੋਇਆ** ਕਿ ਓ.ਐਸ.ਡੀ. ਸਪੋਰਟਸ ਨੂੰ ਡਾਇਰੈਕਟਰ ਸਪੋਰਟਸ ਵਾਲੀਆਂ ਸਾਰੀਆਂ ਡਿਊਟੀਆਂ ਅਤੇ ਅਧਿਕਾਰ ਵਰਤਣ ਦੇ ਅਧਿਕਾਰ ਦਿੱਤੇ ਜਾਂਦੇ ਹਨ।"

(II) ਸਿੰਡੀਕੇਟ ਦੀ ਇੱਕਤਰਤਾ ਮਿਤੀ 27.9.2011 ਦੇ ਪੈਰਾ 78 ਰਾਹੀਂ ਡਾ. ਜੀ.ਐਸ. ਭੱਲਾ, ਪ੍ਰੋਫੈਸਰ, ਕਾਮਰਸ ਅਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਨੂੰ ਯੂਨੀਵਰਸਿਟੀ ਸੇਵਾ ਤੋਂ ਬਰਖਾਸਤ ਕਰਨ ਸਬੰਧੀ 'ਕਾਰਣ ਦੱਸੋ' ਨੋਟਿਸ ਜਾਰੀ ਕਰਨ ਦੇ ਲਏ ਗਏ ਨਿਰਣੇ ਤੇ ਯੂਨੀਵਰਸਿਟੀ ਸਟੈਂਡਿੰਗ ਕੌਂਸਲ ਦੀ ਹੇਠ ਲਿਖੀ ਰਾਏ ਪਰਵਾਨ ਕੀਤੀ ਜਾਂਦੀ ਹੈ:-

> "The Syndicate may, review its earlier decision taken vide para No. 78 dated 27.9.2011, for giving another last chance to Dr. G.S. Bhalla for submitting his reply to the charge sheet. It be specified to him in writing that all documents relevent to the enquiry having already been supplied to him, no further time shall be granted for submission of his reply to the charge sheet beyond that last chance being now given. It be further specified that thereafter no further request for supply of more documents to him on any excuse whatsoever, including the pretext of his request for any documents under the R.T.I. Act, shall be entertained, and if he still does not submit his reply to the charge sheet dated 9.6.2011 within the next 15 days from the receipt of the fresh communication, then further ex-parte action will be taken in the matter in accordance with law."

(III) ਸਿੰਡੀਕੇਟ ਦੀ ਇੱਕਤਰਤਾ ਮਿਤੀ 27.9.2011 ਦੀ ਕਾਰਵਾਈ ਦੇ ਪੈਰਾ ਨੰ: 87(3) ਰਾਹੀਂ ਲਏ ਨਿਰਣੇ ਵਿਚ ਹੇਠ ਲਿਖੇ ਅਨੁਸਾਰ ਸੋਧ ਪਰਵਾਨ ਕੀਤੀ ਜਾਂਦੀ ਹੈ:-

| ਵਰਤਮਾਨ ਨਿਰਣਾ | ਸੋਧਿਆ ਨਿਰਣਾ |
|---|---|
| ਡਾ. ਬਲਵਿੰਦਰ ਸਿੰਘ, ਮੁਖੀ ਕਾਮਰਸ | ਡਾ. ਬਲਵਿੰਦਰ ਸਿੰਘ, ਮੁਖੀ ਕਾਮਰਸ |

ਅਤੇ ਬਿਜਨੈਸ ਮੈਨੇਜਮੈਂਟ ਵਿਭਾਗ ਵੱਲੋਂ ਲੈਕਚਰਾਂ ਦੀ ਘਾਟ (Shortage of lectures) ਸਬੰਧੀ ਕੀਤੀਆਂ ਬੇਨਿਯਮੀਆਂ ਬਹੁਤ ਗੰਭੀਰ ਪ੍ਰਵਿਰਤੀ ਦੀਆਂ (Serious) ਹਨ, ਜਿਸ ਨੂੰ ਮੁੱਖ ਰੱਖਦਿਆਂ ਉਸਨੂੰ ਯੂਨੀਵਰਸਿਟੀ ਸੇਵਾ ਤੋਂ ਮੁਅੱਤਲ (Suspend) ਕਰਨਾ ਬਣਦਾ ਹੈ। ਪ੍ਰੰਤੂ ਉਸਦੀ ਯੂਨੀਵਰਸਿਟੀ ਵਿਖੇ ਲੰਮੀ ਸੇਵਾ ਅਤੇ ਵਿਦਿਆਰਥੀਆਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਡਾ. ਬਲਵਿੰਦਰ ਸਿੰਘ ਨੂੰ ਯੂਨੀਵਰਸਿਟੀ ਸੇਵਾ ਤੋਂ ਮੁਅਤਲ (Suspend) ਕਰਨ ਦੀ ਬਜਾਏ, ਉਸਨੂੰ ਮੁਖੀ ਵਿਭਾਗ ਦੀ ਜ਼ੁੰਮੇਵਾਰੀ ਤੋਂ ਤੁਰੰਤ ਫਾਰਗ ਕੀਤਾ ਜਾਂਦਾ ਹੈ ਕਿਉਂ ਜੋ ਜੇਕਰ ਉਹ ਮੁਖੀ ਵਿਭਾਗ ਦੇ ਅਹੁੱਦੇ ਤੇ ਰਹਿੰਦੇ ਹਨ ਤਾਂ ਉਨ੍ਹਾਂ ਵਿਰੁੱਧ ਚਲ ਰਹੀ ਪੜਤਾਲ ਨੂੰ ਉਹ ਪ੍ਰਭਾਵਿਤ ਕਰ ਸਕਦੇ ਹਨ ਅਤੇ ਉਨ੍ਹਾਂ ਵਿਰੁੱਧ ਉਚਿਤ ਢੰਗ ਨਾਲ (Properly) ਪੜਤਾਲ ਸੰਭਵ ਨਹੀਂ। ਉਨ੍ਹਾਂ ਦੇ ਮੁਖੀ ਵਿਭਾਗ ਵਜੋਂ ਰਹਿੰਦਿਆਂ ਹੋਇਆਂ ਕੋਈ ਵੀ ਉਨ੍ਹਾਂ ਦੇ ਖਿਲਾਫ ਗਵਾਹੀ ਦੇਣ ਲਈ ਤਿਆਰ ਨਹੀਂ ਹੋਵੇਗਾ ਅਤੇ ਉਹ ਖੁੱਦ ਵੀ ਰਿਕਾਰਡ ਨਾਲ ਛੇੜ-ਛਾੜ ਕਰ ਸਕਦੇ ਹਨ।

ਅਤੇ ਬਿਜਨਸ ਮੈਨੇਜਮੈਂਟ ਵਿਭਾਗ ਵੱਲੋਂ ਲੈਕਚਰਾਂ ਦੀ ਘਾਟ (Shortage of lectures) ਸਬੰਧੀ ਕੀਤੀਆਂ ਬੇਨਿਯਮੀਆਂ ਬਹੁਤ ਗੰਭੀਰ ਪ੍ਰਵਿਰਤੀ ਦੀਆਂ (Serious) ਹਨ, ਜਿਸ ਨੂੰ ਮੁੱਖ ਰੱਖਦਿਆਂ ਉਸਨੂੰ ਯੂਨੀਵਰਸਿਟੀ ਸੇਵਾ ਤੋਂ ਮੁਅੱਤਲ (Suspend) ਕਰਨਾ ਬਣਦਾ ਹੈ। ਪ੍ਰੰਤੂ ਉਸਦੀ ਯੂਨੀਵਰਸਿਟੀ ਵਿਖੇ ਲੰਮੀ ਸੇਵਾ ਅਤੇ ਵਿਦਿਆਰਥੀਆਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਡਾ. ਬਲਵਿੰਦਰ ਸਿੰਘ ਨੂੰ ਯੂਨੀਵਰਸਿਟੀ ਸੇਵਾ ਤੋਂ ਮੁਅਤਲ (Suspend) ਕਰਨ ਦੀ ਬਜਾਏ, ਉਸਨੂੰ ਮੁਖੀ ਵਿਭਾਗ ਦੀ ਜ਼ੁੰਮੇਵਾਰੀ ਤੋਂ ਤੁਰੰਤ ਫਾਰਗ ਕੀਤਾ ਜਾਂਦਾ ਹੈ

(ੳ) ਡੀਨ, ਫੈਕਲਟੀ ਆਫ ਇਕਨਾਮਿਕਸ ਅਤੇ ਬਿਜ਼ਨੈਸ ਨੂੰ ਮਿਤੀ 5.10.2011 ਤੋਂ ਅਗਲੇ ਆਦੇਸ਼ਾਂ ਤੱਕ ਕਾਮਰਸ ਅਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਦੇ ਮੁਖੀ ਦਾ ਵਾਧੂ ਚਾਰਜ ਦਿੱਤਾ ਜਾਂਦਾ ਹੈ।

(ਅ) ਡਾ. ਬਲਵਿੰਦਰ ਸਿੰਘ, ਰੀਡਰ, ਕਾਮਰਸ ਅਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਨੂੰ ਮਿਤੀ 21.10.2011 ਤੋਂ ਉਕਤ ਵਿਭਾਗ ਦੇ ਮੁਖੀ ਵਜੋਂ ਮੁੜ-ਬਹਾਲ ਕੀਤਾ ਜਾਂਦਾ ਹੈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 27.9.2011 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਮਿਤੀ 27.9.2011 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ।

**ਡਾ.ਏ.ਐਸ. ਸੂਦਨ, ਰੀਡਰ, ਬੋਟਾਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿਤੀ ਸਹਾਇਤਾ ਦੀ ਪੁਸ਼ਟੀ।**

3. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ.ਏ.ਐਸ. ਸੂਦਨ, ਰੀਡਰ, ਬੋਟਾਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਨੂੰ Cairo, Egypt ਵਿਖੇ ਮਿਤੀ 21-23 ਅਕਤੂਬਰ, 2011 ਤੱਕ ਹੋਈ "International Conference on Environment and BioScience (ICEBS) 2011" ਕਾਨਫਰੰਸ ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਦੀ ਪਰਵਾਨਗੀ ਦਿੱਤੀ ਹੈ।

ਮਿਸ. ਰਮਨਦੀਪ ਕੌਰ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿਤੀ ਸਹਾਇਤਾ ਦੀ ਪੁਸ਼ਟੀ।

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਿਸ. ਰਮਨਦੀਪ ਕੌਰ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਨੂੰ Sydney ਵਿਖੇ ਮਿਤੀ 24-26 ਨਵੰਬਰ, 2011 ਤੱਕ ਹੋਈ "Intellectbase International Consortium Academic Conference" ਵਿਚ ਭਾਗ ਲੈਣ ਲਈ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿਤੀ ਸਹਾਇਤਾ ਦੀ ਪਰਵਾਨਗੀ ਦਿੱਤੀ ਹੈ।

ਡਾ. ਗੁਰਚਰਨ ਕੌਰ, ਪ੍ਰੋਫੈਸਰ ਅਤੇ ਮੁਖੀ , ਬਾਇਓ-ਟੈਕਨਾਲੋਜੀ ਵਿਭਾਗ ਦੀ ਡਿਊਟੀ ਲੀਵ ਅਤੇ ਡਾ. ਪ੍ਰਭਜੀਤ ਸਿੰਘ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ ਦੀ ਪੁਸ਼ਟੀ।

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀ ਉਨ੍ਹਾਂ ਨੇ-

(ੳ) ਡਾ. ਗੁਰਚਰਨ ਕੌਰ, ਪ੍ਰੋਫੈਸਰ ਅਤੇ ਮੁਖੀ, ਬਾਇਓ-ਟੈਕਨਾਲੋਜੀ ਵਿਭਾਗ ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 64 ਉੱਤੇ ਦਰਜ ਸਟੈਚਿਊਟ 79(i)(d) ਅਨੁਸਾਰ Indo-German collaboration research program ਅਧੀਨ "Investigations on the therapeutic potential applications of PSA mimetics in cell culture and mouse models of brain injury and disease" ਸਬੰਧੀ joint research work ਕਰਨ ਹਿਤ Germany ਵਿਖੇ ਜਾਣ ਲਈ ਮਿਤੀ 18.11.2011 ਤੋਂ 17.12.2011 ਤੱਕ ਡਿਊਟੀ ਲੀਵ ਦੀ ਪਰਵਾਨਗੀ ਦਿੱਤੀ ਹੈ।

(ਅ) ਡਾ. ਗੁਰਚਰਨ ਕੌਰ, ਪ੍ਰੋਫੈਸਰ ਅਤੇ ਮੁਖੀ, ਬਾਇਓ-ਟੈਕਨਾਲੋਜੀ ਵਿਭਾਗ ਦੀ ਮਿਤੀ 18.11.2011 ਤੋਂ 17.12.2011 ਤੱਕ ਡਿਊਟੀ ਲੀਵ ਦੌਰਾਨ ਡਾ. ਪ੍ਰਭਜੀਤ ਸਿੰਘ, ਪ੍ਰੋਫੈਸਰ ਨੂੰ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

ਏਜੰਡੇ ਵਿਚੋਂ ਕੱਢੀ (delete) ਗਈ ਮੱਦ।

6. ਮੱਦ ਏਜੰਡੇ ਵਿਚੋਂ ਕੱਢੀ (delete) ਗਈ।

ਸਬੰਧਤ ਅਧਿਆਪਕਾਂ ਦੀ ਮੁਖੀ ਵਿਭਾਗ ਵਜੋਂ ਨਿਯੁਕਤੀ।

7. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਹੇਠ ਲਿਖੇ ਅਧਿਆਪਕਾਂ ਨੂੰ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਮਿਤੀ 1.1.2012 ਤੋਂ 31.12.2014 ਤੱਕ ਤਿੰਨ ਸਾਲ ਲਈ ਸਬੰਧਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਜਾਂਦਾ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਅਹੁਦਾ | ਵਿਭਾਗ |
|---|---|---|
| 1. | ਡਾ. ਬਲਵਿੰਦਰ ਸਿੰਘ, ਪ੍ਰੋਫੈਸਰ | ਕੈਮਿਸਟਰੀ ਵਿਭਾਗ |
| 2. | ਡਾ. ਰਤਨ ਸਿੰਘ, ਰੀਡਰ | ਕਾਨੂੰਨ ਵਿਭਾਗ |
| 3. | ਡਾ. ਪਵਨ ਕੁਮਾਰ, ਰੀਡਰ | ਕਾਨੂੰਨ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ |
| 4. | ਡਾ. (ਮਿਸਿਜ਼) ਸ਼ਸ਼ੀ ਬਾਲਾ, ਪ੍ਰੋਫੈਸਰ | ਗੁਰੂ ਨਾਨਕ ਅਧਿਐਨ ਵਿਭਾਗ |
| 5. | ਡਾ. ਪ੍ਰਭਜੀਤ ਸਿੰਘ, ਪ੍ਰੋਫੈਸਰ | ਬਾਇਓ-ਟੈਕਨਾਲੋਜੀ ਵਿਭਾਗ |

ਡਾ. ਸੰਦੀਪ ਸੂਦ, ਐਸੋਸੀਏਟ ਪ੍ਰੋਫੈਸਰ, ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਦੀ ਵਿਭਾਗ ਦੇ ਮੁਖੀ ਵਜੋਂ ਨਿਯੁਕਤੀ ਦੀ ਪੁਸ਼ਟੀ।

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਸਟੈਚਿਊਟ 3 ਅਧੀਨ ਡਾ. ਸੰਦੀਪ ਸੂਦ, ਐਸੋਸੀਏਟ ਪ੍ਰੋਫੈਸਰ, ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ ਨੂੰ ਮਿਤੀ 4.10.2011 ਤੋਂ 31.12.2011 ਤੱਕ ਅਤੇ ਮਿਤੀ 1.1.2012 ਤੋਂ ਮਿਤੀ 31.12.2014 ਤੱਕ ਤਿੰਨ ਸਾਲ ਲਈ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

ਡਾ. ਜਯੋਤੀਸ਼ ਮਲਹੋਤਰਾ, ਰੀਡਰ, ਇਲੈਕਟ੍ਰੋਨਿਕਸ ਕਮਿਊਨੀਕੇਸ਼ਨ ਅਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਦਾ ਵਾਧੂ ਕਾਰਜ ਭਾਰ ਸੌਂਪਣ ਦੀ ਪੁਸ਼ਟੀ।

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਜਯੋਤੀਸ਼ ਮਲਹੋਤਰਾ, ਰੀਡਰ ਅਤੇ ਮੁਖੀ, ਇਲੈਕਟ੍ਰੋਨਿਕਸ ਕਮਿਊਨੀਕੇਸ਼ਨ ਅਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ ਮਿਤੀ 12.10.2011 ਤੋਂ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਦਾ ਵਾਧੂ ਕਾਰਜ ਭਾਰ ਸੌਂਪਿਆ ਹੈ।

ਮਿਸਿਜ਼ ਦਿਵਜੋਤ ਕੌਰ, ਲੈਕਚਰਾਰ ਇਨ ਜੌਗਰਫੀ, ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੀਟਿਵ ਐਗਜ਼ਾਮੀਨੇਸ਼ਨਜ਼ ਦੀ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

10. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਿਸਿਜ਼ ਦਿਵਜੋਤ ਕੌਰ, ਲੈਕਚਰਾਰ ਇਨ ਜੌਗਰਫੀ, ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੀਟਿਵ ਐਗਜ਼ਾਮੀਨੇਸ਼ਨਜ਼ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 3.11.2011 ਤੋਂ 4.11.2011 ਦੀ ਬ੍ਰੇਕ ਦਿੰਦੇ ਹੋਏ ਮਿਤੀ 5.11.2011 ਤੋਂ 4.11.2012 ਤੱਕ (ਇੱਕ ਸਾਲ ਵਾਸਤੇ) ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਵਾਧਾ ਕੀਤਾ ਹੈ।

ਮਿਸ ਰਾਜਵਿੰਦਰ ਕੌਰ, ਸ਼ੂਟਿੰਗ ਕੋਚ, ਸਪੋਰਟਸ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

11. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਿਸ ਰਾਜਵਿੰਦਰ ਕੌਰ, ਸ਼ੂਟਿੰਗ ਕੋਚ, ਸਪੋਰਟਸ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 20.7.2011 ਦੀ ਇਕ ਦਿਨ ਦੀ ਬਰੇਕ ਦੇ ਕੇ ਮਿਤੀ 21.7.2011 ਤੋਂ 20.7.2012 ਤੱਕ, ਇਕ ਸਾਲ ਲਈ ਵਾਧਾ ਕੀਤਾ ਹੈ।

ਸਬੰਧਤ ਵਿਅਕਤੀਆਂ ਦੀ ਮੁੜ ਨਿਯੁਕਤੀ ਦੀ ਪੁਸ਼ਟੀ।

12. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ –

(ੳ) ਸ੍ਰੀ ਬਲਬੀਰ ਸਿੰਘ, ਫੋਰਮੈਨ (ਮਕੈਨੀਕਲ) (ਸੇਵਾ-ਮੁਕਤ), ਉਸਾਰੀ ਵਿਭਾਗ ਨੂੰ ਮਿਤੀ 15.11.2011 ਤੋਂ 14.5.2012 ਤੱਕ ਛੇ ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, 10000/- ਰੁਪਏ

ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਕੰਟ੍ਰੈਕਟ ਅਧਾਰ ਤੇ ਮੁੜ-ਨਿਯੁਕਤ ਕੀਤਾ ਹੈ।ਉਨ੍ਹਾਂ ਦੀ ਨਿਯੁਕਤੀ ਡਿਊਟੀ ਜਾਇਨ ਕਰਨ ਦੀ ਮਿਤੀ ਤੋਂ ਮੰਨੀ ਜਾਵੇਗੀ।

(ਅ) ਸ੍ਰੀ ਰਾਮ ਲਾਲ, ਕਾਰਪੈਂਟਰ (ਸੇਵਾ-ਮੁਕਤ), ਉਸਾਰੀ ਵਿਭਾਗ ਨੂੰ ਮਿਤੀ 4.11.2011 ਤੋਂ 3.5.2012 ਤੱਕ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ‘ਤੇ ਮੁੜ-ਨਿਯੁਕਤ ਕੀਤਾ ਹੈ।

(ੲ) ਸ੍ਰੀ ਸੁਖਦੇਵ ਪਾਲ ਮਹਿਤਾ, ਸਟਾਫ ਨਰਸ (ਮੇਲ) (ਸੇਵਾ-ਮੁਕਤ) ਨੂੰ ਮਿਤੀ 17.11.2011 ਦੀ ਇਕ ਦਿਨ ਦੀ ਬ੍ਰੇਕ ਦੇ ਕੇ ਮਿਤੀ 18.11.2011 ਤੋਂ ਮਿਤੀ 17.11.2012 ਤੱਕ ਇੱਕ ਸਾਲ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, 8000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਕੰਟ੍ਰੈਕਟ ਅਧਾਰ ਤੇ ਮੁੜ-ਨਿਯੁਕਤ ਕੀਤਾ ਹੈ।ਉਨ੍ਹਾਂ ਦੀ ਨਿਯੁਕਤੀ ਡਿਊਟੀ ਜਾਇਨ ਕਰਨ ਦੀ ਮਿਤੀ ਤੋਂ ਮੰਨੀ ਜਾਵੇਗੀ।

(ਸ) ਸ੍ਰੀ ਹਰਜੀਤ ਲਾਲ, ਫਿਜ਼ੀਓਥਰਾਪਿਸਟ (ਸੇਵਾ-ਮੁਕਤ), ਸਪੋਰਟਸ ਮੈਡੀਸਨ ਐਂਡ ਫਿਜ਼ੀਓਥਰਾਪੀ ਵਿਭਾਗ ਨੂੰ ਮਿਤੀ 4.11.2011 ਤੋਂ 3.5.2012 ਤੱਕ, ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਮੁੜ-ਨਿਯੁਕਤ ਕੀਤਾ ਹੈ।

ਡਾ. ਗੀਤਾ ਹੁੰਦਲ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਦੀ ਸਬੈਟੀਕਲ ਛੁੱਟੀ ਦੀ ਪੁਸ਼ਟੀ।

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਗੀਤਾ ਹੁੰਦਲ, ਪ੍ਰੋਫੈਸਰ, ਕੈਮਿਸਟਰੀ ਵਿਭਾਗ ਨੂੰ, ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 78 ਉੱਤੇ ਸਟੈਚਿਊਟ 92 ਅਧੀਨ International Fellow ਵਜੋਂ Biorefinery Research center of Korea Research Institute of Chemical Technology (KRICT) in Daejoen, South Korea ਵਿਖੇ ਜਾਣ ਲਈ ਮਿਤੀ 15.12.2011 ਤੋਂ 14.6.2012 ਤੱਕ (ਛੇ ਮਹੀਨੇ), ਪੂਰੀ ਤਨਖਾਹ ਤੇ ਸਬੈਟੀਕਲ ਛੁੱਟੀ ਦੀ ਪਰਵਾਨਗੀ ਦਿੱਤੀ ਹੈ।

ਡਾ. ਪਰਮਜੀਤ ਕੌਰ, ਪ੍ਰੋਫੈਸਰ, ਪੰਜਾਬ ਸਕੂਲ ਆਫ ਇਕਨਾਮਿਕਸ ਦੀ ਸਬੈਟੀਕਲ ਛੁੱਟੀ ਦੀ ਪੁਸ਼ਟੀ।

14. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਪਰਮਜੀਤ ਕੌਰ, ਪ੍ਰੋਫੈਸਰ, ਪੰਜਾਬ ਸਕੂਲ ਆਫ ਇਕਨਾਮਿਕਸ ਨੂੰ ਮਿਤੀ 1.1.2012 ਤੋਂ 31.12.2012 ਤੱਕ (ਇੱਕ ਸਾਲ) ਪੂਰੀ ਤਨਖਾਹ ਤੇ ਸਬੈਟੀਕਲ ਛੁੱਟੀ ਇਸ ਸ਼ਰਤ ‘ਤੇ ਪਰਵਾਨ ਕੀਤੀ ਹੈ ਕਿ ਉਹ ਸਬੈਟੀਕਲ ਛੁੱਟੀ ਪੂਰੀ ਹੋਣ ਉਪਰੰਤ ਡਿਊਟੀ ‘ਤੇ ਹਾਜਰ ਹੋਣ ਤੇ ‘Punjab Economy’ ਵਿਸ਼ੇ ਉੱਤੇ ਕਿਤਾਬ ਦਾ ਖਰੜਾ ਅਤੇ ਇਸ ਦੀ ਪਬਲੀਕੇਸ਼ਨ ਪੇਸ਼ ਕਰੇਗੀ।

ਡਾ. ਦਲਬੀਰ ਸਿੰਘ ਸੋਗੀ, ਪ੍ਰੋਫੈਸਰ, ਫੂਡ ਸਾਇੰਸ ਐਂਡ ਟੈਕਨਾਲੋਜੀ ਵਿਭਾਗ ਦੀ ਸਬੈਟੀਕਲ ਅਤੇ ਕਮਾਈ ਛੁੱਟੀ ਦੀ ਪੁਸ਼ਟੀ।

15. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਦਲਬੀਰ ਸਿੰਘ ਸੋਗੀ, ਪ੍ਰੋਫੈਸਰ, ਫੂਡ ਸਾਇੰਸ ਐਂਡ ਟੈਕਨਾਲੋਜੀ ਵਿਭਾਗ ਨੂੰ Fulbright-Nehru Senior Research Fellowship ਲਈ Michigan State University, USA ਵਿਖੇ ‘Functional properties of mango cultivars marketed in

United States' ਸਬੰਧੀ ਖੋਜ ਕਾਰਜ ਹਿਤ ਮਿਤੀ 9.1.2012 ਤੋਂ 8.7.2012 ਤੱਕ ਪੂਰੀ ਤਨਖਾਹ ਤੇ ਸਬੈਟੀਕਲ ਛੁੱਟੀ ਅਤੇ ਮਿਤੀ 9.7.2012 ਤੋਂ 11.9.2012 ਤੱਕ ਕਮਾਈ ਛੁੱਟੀ ਪਰਵਾਨ ਕੀਤੀ ਹੈ।

ਸਬੰਧਤ ਅਧਿਆਪਕਾਂ ਨੂੰ ਸਟੱਡੀ ਲੀਵ ਦੀ ਪੁਸ਼ਟੀ।

16. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸਟੱਡੀ ਲੀਵ ਕੇਸਾਂ 'ਤੇ ਵਿਚਾਰ ਹਿਤ ਗਠਿਤ ਐਡਵਾਈਜ਼ਰੀ ਕਮੇਟੀ ਦੀ ਮਿਤੀ 18.11.2011 ਦੀ ਸਿਫ਼ਾਰਸ਼ ਨੂੰ ਮੁੱਖ ਰੱਖਦਿਆਂ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਿਸ ਸ਼ੀਤਲ ਕਾਲੜਾ, ਸਹਾਇਕ ਪ੍ਰੋਫੈਸਰ, ਕੰਪਿਊਟਰ ਸਾਇੰਸ 'ਤੇ ਇੰਜੀਨਿਅਰਿੰਗ ਵਿਭਾਗ ਰਿਜਨਲ ਕੈਂਪਸ, ਜਲੰਧਰ ਅਤੇ ਮਿਸ ਹਰਜੋਤ ਕੌਰ, ਸਹਾਇਕ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨਿਅਰਿੰਗ ਵਿਭਾਗ, ਰਿਜਨਲ ਕੈਂਪਸ, ਗੁਰਦਾਸਪੁਰ ਨੂੰ ਪ੍ਰੀ-ਪੀਐਚ.ਡੀ. ਕੋਰਸ ਵਰਕ ਲਈ ਮਿਤੀ 28.11.2011 ਤੋਂ 16.12.2011 ਤੱਕ ਪੂਰੀ ਤਨਖਾਹ 'ਤੇ ਸਟੱਡੀ ਲੀਵ ਪਰਦਾਨ ਕੀਤੀ ਹੈ। ਸਬੰਧਤ ਅਧਿਆਪਕ ਮੁਲਾਂਕਣ ਸਬੰਧੀ ਆਪਣਾ ਕੰਮ ਸ਼ਨਿਚਰਵਾਰ/ ਐਤਵਾਰ ਨੂੰ ਪੂਰਾ ਕਰਨਗੇ।

(ਅ) ਸਟੱਡੀ ਲੀਵ ਕੇਸਾਂ 'ਤੇ ਵਿਚਾਰ ਹਿਤ ਗਠਿਤ ਐਡਵਾਈਜ਼ਰੀ ਕਮੇਟੀ ਦੀ ਮਿਤੀ 18.10.2011 ਦੀ ਸਿਫ਼ਾਰਸ਼ ਨੂੰ ਮੁੱਖ ਰੱਖਦਿਆਂ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਿਸ ਰਜਿੰਦਰ ਕੌਰ, ਸਹਾਇਕ ਪ੍ਰੋਫੈਸਰ, ਬੋਟੈਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਨੂੰ ਪੀਐਚ.ਡੀ. ਸਬੰਧੀ ਖੋਜ ਕਾਰਜ ਪੂਰਾ ਕਰਨ ਹਿਤ ਮਿਤੀ 24.10.2011 ਤੋਂ 23.1.2012(ਤਿੰਨ ਮਹੀਨੇ) ਤੱਕ ਪੂਰੀ ਤਨਖਾਹ 'ਤੇ ਸਟੱਡੀ ਲੀਵ ਪਰਦਾਨ ਕੀਤੀ ਹੈ।

ਮਨਪ੍ਰੀਤ ਕੌਰ ਅਤੇ ਕਿਰਨਦੀਪ ਕੌਰ ਨੂੰ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ (ਰਿਟਾ.), ਅੰਗਰੇਜੀ ਵਿਭਾਗ ਅਧੀਨ ਖੋਜ ਕਾਰਜ ਪੂਰਾ ਕਰਨ ਦੀ ਪੁਸ਼ਟੀ।

17. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ (ਰਿਟਾ.), ਅੰਗਰੇਜੀ ਵਿਭਾਗ ਕੋਲ ਪਹਿਲਾਂ ਰਜਿਸਟਰਡ 6 ਖੋਜਾਰਥੀਆਂ ਤੋਂ ਇਲਾਵਾ ਪੀ.ਐਚਡੀ. ਕਰ ਰਹੇ ਦੋ ਹੋਰ ਖੋਜਾਰਥੀ- ਮਨਪ੍ਰੀਤ ਕੌਰ ਅਤੇ ਕਿਰਨਦੀਪ ਕੌਰ ਨੂੰ ਖੋਜ ਕਾਰਜ ਪੂਰਾ ਕਰਨ ਦੀ ਪਰਵਾਨਗੀ ਦਿੱਤੀ ਹੈ।

ਪੰਡਤ ਮੋਹਨ ਲਾਲ ਐਸ.ਡੀ. ਕਾਲਜ ਫਾਰ ਗਰਲਜ਼, ਫਤਿਹਗੜ੍ਹ ਚੂੜੀਆਂ (ਗੁਰਦਾਸਪੁਰ) ਨੂੰ ਪੱਕੀ ਸਬੰਧਤਾ ਪਰਦਾਨ ਕਰਨ ਦੀ ਪਰਵਾਨਗੀ।

18. ਨਿਰੀਖਣ ਕਮੇਟੀ ਦੀ ਰਿਪੋਰਟ ਮਿਤੀ 12.9.2011 (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਡਤ ਮੋਹਨ ਲਾਲ ਐਸ.ਡੀ. ਕਾਲਜ ਫਾਰ ਗਰਲਜ਼, ਫਤਿਹਗੜ੍ਹ ਚੂੜੀਆਂ (ਗੁਰਦਾਸਪੁਰ) ਨੂੰ ਪੱਕੀ ਸਬੰਧਤਾ ਪਰਦਾਨ ਕੀਤੀ ਜਾਦੀ ਹੈ।

ਬੈਚੂਲਰ ਆਫ ਸੋਸ਼ਲ ਸਾਇੰਸਜ਼ (ਆਨਰਜ਼ ਸਕੂਲ) ਦੇ ਅਧਿਆਦੇਸ਼ਾਂ ਵਿਚੋਂ ਲੜੀ ਨੰ: 17 delete ਕਰਨ ਦੀ ਪੁਸ਼ਟੀ।

19. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 20.11.2009 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ

ਅਧੀਨ ਯੂਨੀਵਰਸਿਟੀ ਕੈਲੰਡਰ 2008, ਜਿਲਦ ਦੂਜੀ ਦੇ ਪੰਨਾ 260-263 ਉੱਤੇ ਦਰਜ ਬੈਚੂਲਰ ਆਫ ਸੋਸ਼ਲ ਸਾਇੰਸਜ਼ (ਆਨਰਜ਼ ਸਕੂਲ) ਦੇ ਅਧਿਆਦੇਸ਼ ਸਬੰਧੀ ਹੇਠ ਲਿਖੀ ਲੜੀ ਨੰ: 17 Delete ਕਰਨ ਦੀ ਪਰਵਾਨਗੀ ਦਿੱਤੀ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

"17. Beside each candidate shall do a Project relating to one of the Major Courses which he/she has opted for. The subject of the Project will be decided in the beginning of Semester III in consultation with the Teacher concerned. The Project Report shall be submitted on or before 15th January of Semester VI. The Project Report shall be evaluated by an external expert, to be appointed by the Vice-Chancellor out of the list of three experts recommended by the Head in consultation with the supervisor, in Five point Scale and grades O; A+, A; B+ and B be awarded which will be mentioned in the degree/certificate of the candidate."

**ਸਮੈਸਟਰ ਪ੍ਰੀਖਿਆਵਾਂ ਦੇ ਵਿਦਿਆਰਥੀਆਂ ਨੂੰ 1000/- ਰੁਪਏ ਵਿਸ਼ੇਸ਼ ਫੀਸ ਨਾਲ ਖੁੰਝੇ ਇਕ ਪੇਪਰ ਦੀ ਪ੍ਰੀਖਿਆ ਦੇਣ ਦੀ ਪਰਵਾਨਗੀ।**

20. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 9.2.2004 ਦੇ ਪੈਰਾ ਨੰ: 9 ਦੇ ਆਧਾਰ ਤੇ Non-Credit Based Evaluation System ਅਧੀਨ ਸਮੈਸਟਰ ਪ੍ਰੀਖਿਆਵਾਂ ਦੇ ਅਜਿਹੇ ਪ੍ਰੀਖਿਆਰਥੀ, ਜਿਨ੍ਹਾਂ ਦਾ ਕਿਸੇ ਦੁਰਘਟਨਾ, ਬੀਮਾਰੀ ਜਾਂ ਅਣਹੋਣੀ ਘਟਨਾ ਕਾਰਨ ਇਕ ਪੇਪਰ ਖੁੰਝ ਗਿਆ ਹੋਵੇ, ਪ੍ਰੰਤੂ ਉਸਦਾ ਬਾਕੀ ਪੇਪਰਾਂ ਵਿਚੋਂ ਨਤੀਜਾ ਪਾਸ ਬਣਦਾ ਹੋਵੇ, ਨੂੰ 1000/- ਰੁਪਏ ਵਿਸ਼ੇਸ਼ ਫੀਸ ਨਾਲ Even ਸਮੈਸਟਰ ਦੇ ਪੇਪਰ ਦੀ ਪ੍ਰੀਖਿਆ Even ਸਮੈਸਟਰ ਨਾਲ ਅਤੇ Odd ਸਮੈਸਟਰ ਦੇ ਪੇਪਰ ਦੀ ਪ੍ਰੀਖਿਆ Odd ਸਮੈਸਟਰ ਨਾਲ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਸਬੰਧਤ ਵਿਦਿਆਰਥੀਆਂ ਨੂੰ ਵਿਸ਼ੇਸ਼ ਜੁਰਮਾਨੇ ਸਹਿਤ ਪ੍ਰੋਜੈਕਟ ਰਿਪੋਰਟ ਜਮ੍ਹਾਂ ਕਰਾਉਣ ਦੀ ਪਰਵਾਨਗੀ ।**

21. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ New Delhi Institute of Management, New Delhi ਵਿਖੇ ਐਮ.ਬੀ.ਈ. ਚੌਥਾ ਸਮੈਸਟਰ ਦੇ ਹੇਠ ਲਿਖੇ ਵਿਦਿਆਰਥੀ, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 31.3.2011 ਤੱਕ ਆਪਣੀ ਪ੍ਰੋਜੈਕਟ ਰਿਪੋਰਟ ਜਮ੍ਹਾਂ ਨਹੀਂ ਕਰਵਾ ਸਕੇ, ਨੂੰ ਬਣਦੀ ਲੇਟ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨੇ ਸਹਿਤ, ਕੁਲ 19200/- ਰੁਪਏ ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ, ਸਿੰਡੀਕੇਟ ਦੀ ਇੱਕਤਰਤਾ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ ਪ੍ਰੋਜੈਕਟ ਰਿਪੋਰਟ ਜਮ੍ਹਾਂ ਕਰਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਰੋਲ ਨੰ: |
|---|---|---|
| 1. | ਕੌਸ਼ਲ | 892989 |
| 2. | ਰੰਜਨ ਪਾਂਡੇ | 893005 |
| 3. | ਮਨੀਸ਼ ਸ਼ਰਮਾ | 892994 |
| 4. | ਸੁਰਾਬ ਸਰੋਹਾ | 893012 |

**5000/- ਰੁਪਏ ਜੁਰਮਾਨਾ ਫੀਸ ਨਾਲ ਪ੍ਰੋਜੈਕਟ ਰਿਪੋਰਟ ਮੁਲਾਂਕਣ ਕਰਵਾਉਣ ਦੀ ਪਰਵਾਨਗੀ।**

22. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2007-08 ਦੌਰਾਨ IMS School of Professional Education, Noida ਵਿਖੇ ਬੀ.ਬੀ.ਏ. ਭਾਗ ਤੀਜਾ ਦੇ ਵਿਦਿਆਰਥੀ – ਦੇਵਾਸ਼ੀਸ਼ ਮਿਸ਼ਰਾ, ਜੋ ਨਿਰਧਾਰਤ ਸਮੇਂ ਭਾਵ ਮਿਤੀ 31.10.2007 ਤੱਕ ਆਪਣੀ ਪ੍ਰੋਜੈਕਟ ਰਿਪੋਰਟ ਜਮ੍ਹਾਂ ਨਹੀਂ ਕਰਵਾ ਸਕਿਆ, ਨੂੰ 3000/- ਰੁਪਏ ਜੁਰਮਾਨਾ ਫੀਸ ਨਾਲ ਪ੍ਰੋਜੈਕਟ ਰਿਪੋਰਟ ਜਮ੍ਹਾਂ ਕਰਨ ਦੀ ਪਰਵਾਨਗੀ ਦਿੱਤੀ ਗਈ ਸੀ, ਪ੍ਰੰਤੂ ਪ੍ਰੋਜੈਕਟ ਰਿਪੋਰਟ ਜਮ੍ਹਾਂ ਕਰਾਉਣ ਉਪਰੰਤ ਟਾਈਫਾਈਡ ਤੋਂ ਪੀੜਤ ਹੋਣ ਕਾਰਣ ਉਸ ਵੱਲੋਂ ਜੁਰਮਾਨਾ ਫੀਸ ਯੂਨੀਵਰਸਿਟੀ ਕੈਸ਼ੀਅਰ ਪਾਸ ਜਮਾਂ ਨਾ ਕਰਵਾਉਣ ਕਾਰਣ ਉਸ ਦੀ ਪ੍ਰੋਜੈਕਟ ਰਿਪੋਰਟ ਦਾ ਮੁਲਾਂਕਣ ਨਹੀਂ ਕਰਵਾਇਆ ਗਿਆ, ਦੇ ਅਕਾਦਮਿਕ ਭਵਿੱਖ ਨੂੰ ਮੁੱਖ ਰੱਖਦਿਆਂ 5000/- ਰੁਪਏ ਜੁਰਮਾਨਾ ਫੀਸ ਨਾਲ ਪ੍ਰੋਜੈਕਟ ਰਿਪੋਰਟ ਦਾ ਮੁਲਾਂਕਣ ਕਰਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਐਮ.ਬੀ.ਏ. (ਦੋ ਸਾਲਾ) ਚੌਥਾ ਸਮੈਸਟਰ ਦੇ ਵਿਦਿਆਰਥੀ – ਪ੍ਰੀਕਸ਼ਤ ਚੱਢਾ ਨੂੰ ਵਿਸ਼ੇਸ਼ ਜੁਰਮਾਨੇ ਸਹਿਤ ਪ੍ਰੋਜੈਕਟ ਰਿਪੋਰਟ ਜਮ੍ਹਾਂ ਕਰਾਉਣ ਦੀ ਪਰਵਾਨਗੀ।**

23. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਮ.ਬੀ.ਏ.(ਦੋ ਸਾਲਾ) ਚੌਥਾ ਸਮੈਸਟਰ ਦਾ ਵਿਦਿਆਰਥੀ- ਪ੍ਰੀਕਸ਼ਤ ਚੱਢਾ, ਰੋਲ ਨੰ: 2624 ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 31.3.2007 ਤੱਕ ਆਪਣੀ ਪ੍ਰੋਜੈਕਟ ਰਿਪੋਰਟ ਜਮ੍ਹਾਂ ਨਹੀਂ ਕਰਵਾ ਸਕਿਆ, ਨੂੰ ਬਣਦੀ ਲੇਟ ਫੀਸ ਤੋਂ ਇਲਾਵਾ 10000/- ਰੁਪਏ ਪੀਨਲ ਫੀਸ ਨਾਲ, ਸਿੰਡੀਕੇਟ ਦੀ ਇੱਕਤਰਤਾ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ ਪ੍ਰੋਜੈਕਟ ਰਿਪੋਰਟ ਜਮ੍ਹਾਂ ਕਰਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 8.11.2011 ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।**

24. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆ ਨੂੰ ਮੁੱਖ ਰੱਖਦਿਆ ਰੈਗੂਲੇਸ਼ਨਜ਼ ਕਮੇਟੀ ਦੀਆਂ ਮਿਤੀ 8.11.2011 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**ਖਾਲਸਾ ਕਾਲਜ ਆਫ ਐਜੂਕੇਸ਼ਨ, ਰਣਜੀਤ ਐਵਨਿਊ, ਅੰਮ੍ਰਿਤਸਰ ਨੂੰ ਪੱਕੀ ਸਬੰਧਤਾ ਪਰਦਾਨ ਕਰਨ ਦੀ ਪਰਵਾਨਗੀ।**

25. ਨਿਰੀਖਣ ਕਮੇਟੀ ਦੀ ਰਿਪੋਰਟ ਮਿਤੀ 7.10.2011 (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਖਾਲਸਾ ਕਾਲਜ ਆਫ ਐਜੂਕੇਸ਼ਨ, ਰਣਜੀਤ ਐਵਨਿਊ, ਅੰਮ੍ਰਿਤਸਰ ਨੂੰ ਪੱਕੀ ਸਬੰਧਿਤਾ ਪਰਦਾਨ ਕੀਤੀ ਜਾਂਦੀ ਹੈ।

**B.Tech. (Comp. Sc. & Engg. / Comp. Engg.), M.Tech. (Comp. Sc. & Engg. / Software System), MCA (TYC/ Software System) ਦੀ ਯੋਗਤਾ ਸ਼ਰਤ ਵਿਚ ਸੋਧ।**

26. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 11.10.2011 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਬੰਧਤ ਬੋਰਡ ਆਫ ਕੰਟਰੋਲ ਦੇ ਚੇਅਰਮੈਨ ਅਤੇ ਡੀਨ ਫੈਕਲਟੀ ਦੇ ਸੁਝਾਅ ਅਨੁਸਾਰ ਸੈਸ਼ਨ 2011-12 ਤੋਂ B.Tech. (Comp. Sc. & Engg.)/B.Tech.(Comp. Engg.), M.Tech. (Comp. Sc. & Engg.)/(Software System), MCA (TYC) / MCA (Software System) ਕੋਰਸਾਂ ਦੀ ਤਜਵੀਜਸ਼ੁਦਾ ਯੋਗਤਾ ਸ਼ਰਤ **ਅੰਤਿਕਾ** ਅਨੁਸਾਰ ਲਾਗੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

**ਡੀਨ, ਕਾਲਜ ਵਿਕਾਸ ਕੌਂਸਲ ਦਫਤਰ ਦਾ ਨਕਾਰਾ ਅਤੇ ਨਾ-ਮੁਰੰਮਤਯੋਗ ਸਮਾਨ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।**

27. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡੀਨ, ਕਾਲਜ ਵਿਕਾਸ ਕੌਂਸਲ ਦਫਤਰ ਵਿਖੇ ਵੱਖ-ਵੱਖ ਸਮੇਂ ਖ੍ਰੀਦੇ 233674/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਮੁਰੰਮਤਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 24.10.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**ਕੈਮਿਸਟਰੀ ਵਿਭਾਗ ਦਾ ਨਕਾਰਾ ਅਤੇ ਨਾ-ਵਰਤੋਂ ਯੋਗ ਸਮਾਨ ਵੱਟੇ-ਖਾਤੇ ਪਾਉਣ ਉਪਰੰਤ Heritage Building ਵਿਚ ਤਬਦੀਲ ਕਰਨ ਦੀ ਪਰਵਾਨਗੀ।**

28. ਵਿਚਾਰ ਉਪਰੰਤ

**ਪਾਸ ਹੋਇਆ** ਕਿ ਕੈਮਿਸਟਰੀ ਵਿਭਾਗ ਵਿਖੇ ਵੱਖ-ਵੱਖ ਸਮੇਂ ਖ੍ਰੀਦਿਆ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਉਪਰੰਤ Heritage Building ਵਿਚ ਤਬਦੀਲ ਕਰਨ ਸਬੰਧੀ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 20.10.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

**ਇਨਵਾਇਰਨਮੈਂਟਲ ਸਟੱਡੀਜ਼ ਵਿਸ਼ੇ ਦੀ ਕੰਪਾਰਟਮੈਂਟ ਦਾ ਪੇਪਰ ਦੇਣ ਲਈ ਵਿਸ਼ੇਸ਼ ਮੌਕਾ ਦੇਣ ਦੀ ਪਰਵਾਨਗੀ।**

29. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਗ੍ਰੈਜੂਏਟ ਪੱਧਰ ਦੇ ਅਜਿਹੇ ਪ੍ਰੀਖਿਆਰਥੀ, ਜੋ ਮਿਲਣਯੋਗ ਮੌਕਿਆਂ ਵਿਚ ਇਨਵਾਇਰਨਮੈਂਟਲ ਸਟੱਡੀਜ਼ ਵਿਸ਼ੇ ਦੀ ਕੰਪਾਰਟਮੈਂਟ ਕਲੀਅਰ ਨਹੀਂ ਕਰ ਸਕੇ, ਨੂੰ ਕੰਪਾਰਟਮੈਂਟ ਕਲੀਅਰ ਕਰਨ ਲਈ ਅਪ੍ਰੈਲ 2012 ਵਿਚ ਉਪਰੋਕਤ ਵਿਸ਼ੇ ਦਾ ਪੇਪਰ ਦੇਣ ਲਈ 10000/- ਰੁਪਏ ਜੁਰਮਾਨੇ ਨਾਲ ਵਿਸ਼ੇਸ਼ ਮੌਕਾ ਦਿੱਤਾ ਜਾਂਦਾ ਹੈ।

**ਸਲਾਨਾ/ਸਮੈਸਟਰ ਪ੍ਰਣਾਲੀ ਦੇ ਵਿਦਿਆਰਥੀਆਂ ਨੂੰ ਹੇਠਲੇ Odd/Even ਸਮੈਸਟਰ ਦੀ ਮੁੜ-ਪ੍ਰੀਖਿਆ ਪਾਸ ਕਰਨ ਲਈ ਵਿਸ਼ੇਸ਼ ਮੌਕਾ ਦੇਣ ਦੀ ਪੁਸ਼ਟੀ।**

30. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸਮੈਸਟਰ ਪ੍ਰਣਾਲੀ ਦੇ ਅਜਿਹੇ ਵਿਦਿਆਰਥੀ ਜੋ ਮਈ 2011 ਤੱਕ ਆਪਣੇ ਕੋਰਸ ਦੇ ਅੰਤਿਮ ਸਮੈਸਟਰ ਦੀ ਪ੍ਰੀਖਿਆ ਦੇ ਚੁੱਕੇ ਹਨ, ਪ੍ਰੰਤੂ ਆਪਣੀ ਹੇਠਲੇ Odd/Even ਸਮੈਸਟਰ ਦੀ ਇੱਕ ਜਾਂ ਇੱਕ ਤੋਂ ਜਿਆਦਾ ਮੁੜ-ਪ੍ਰੀਖਿਆ (re-appear) ਪਾਸ ਨਹੀਂ ਕਰ ਸਕੇ, ਨੂੰ ਨਵੰਬਰ/ਦਸੰਬਰ 2011 ਵਿਚ 20000/- ਰੁਪਏ ਪ੍ਰਤੀ ਮੁੜ-ਪ੍ਰੀਖਿਆ ਜੁਰਮਾਨਾ ਫੀਸ ਅਤੇ ਹੋਰ ਬਣਦੀ ਸਾਧਾਰਣ ਫੀਸ ਨਾਲ ਇਕ ਵਿਸ਼ੇਸ਼ ਮੌਕਾ ਦਿੱਤਾ ਹੈ। ਇਹ ਸਾਰੇ ਵਿਦਿਆਰਥੀ ਚਲੰਤ(current) ਸਲੇਬਸ ਨਾਲ ਪ੍ਰੀਖਿਆ ਵਿੱਚ ਪ੍ਰਵੇਸ਼ ਹੋਣਗੇ।

(ਅ) ਅੰਡਰ-ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਸਲਾਨਾ ਪ੍ਰਣਾਲੀ ਦੇ ਅਜਿਹੇ ਪ੍ਰੀਖਿਆਰਥੀ, ਜੋ ਨਿਯਮਾਂ ਅਨੁਸਾਰ ਬਣਦੇ ਆਪਣੇ ਸਾਰੇ ਮੌਕੇ ਲੈਣ ਦੇ ਬਾਵਜੂਦ ਵੀ ਆਪਣੀ ਕੰਪਾਰਟਮੈਂਟ ਦਾ ਵਿਸ਼ਾ ਪਾਸ ਨਹੀਂ ਕਰ ਸਕੇ ਅਤੇ ਸਮੈਸਟਰ ਪ੍ਰਣਾਲੀ ਦੇ ਅਜਿਹੇ ਪ੍ਰੀਖਿਆਰਥੀ ਵੀ, ਜੋ ਅਪ੍ਰੈਲ/ਮਈ 2012 ਵਿੱਚ ਆਪਣੇ ਕੋਰਸ ਦੇ ਅੰਤਿਮ ਸਮੈਸਟਰ ਦੀ ਪ੍ਰੀਖਿਆ ਵਿੱਚ ਪ੍ਰਵੇਸ਼ ਹੋ ਰਹੇ ਹਨ ਅਤੇ ਇਸਦੇ ਨਾਲ ਹੀ ਆਪਣੇ ਕਿਸੇ ਹੇਠਲੇ ਸਮੈਸਟਰ (odd/even) ਦੀ ਰੀ-ਅਪੀਅਰ ਪ੍ਰੀਖਿਆ ਪਾਸ ਨਹੀਂ ਕਰ ਸਕੇ, ਇਸ ਤੋਂ ਇਲਾਵਾ ਅਜਿਹੇ ਉਹ ਪ੍ਰੀਖਿਆਰਥੀ ਜੋ ਅੰਤਿਮ ਸਮੈਸਟਰ ਦੀ ਪ੍ਰੀਖਿਆ ਪਾਸ ਕਰ ਚੁੱਕੇ ਹਨ ਪ੍ਰੰਤੂ ਸਾਰੇ ਬਣਦੇ ਮੌਕੇ ਲੈਣ ਦੇ ਬਾਵਜੂਦ ਹੇਠਲੇ ਕਿਸੇ ਸਮੈਸਟਰ (odd/even) ਦੀ ਰੀ-ਅਪੀਅਰ ਪਾਸ ਨਹੀਂ ਕਰ ਸਕੇ, ਦੇ ਅਕਾਦਮਿਕ ਭੱਵਿਖ ਨੂੰ ਮੁੱਖ ਰੱਖਦਿਆਂ ਕੰਪਾਰਟਮੈਂਟ ਜਾਂ ਰੀ-ਅਪੀਅਰ ਵਿਚ ਅਪ੍ਰੈਲ/ਮਈ 2012 ਦੀਆਂ ਸਲਾਨਾ/ਸਮੈਸਟਰ (Credit based Evaluation System ਨੂੰ ਛੱਡ ਕੇ) ਪ੍ਰੀਖਿਆਵਾਂ ਵਿਚ 20000/- ਰੁਪਏ ਪ੍ਰਤੀ ਪੇਪਰ ਜੁਰਮਾਨਾ ਫੀਸ ਤੋਂ ਇਲਾਵਾ ਬਣਦੀ ਸਾਧਾਰਣ ਫੀਸ ਨਾਲ ਅਪੀਅਰ

ਹੋਣ ਲਈ ਇਕ ਵਿਸ਼ੇਸ਼ ਮੌਕਾ ਦਿੱਤਾ ਹੈ। ਇਹ ਸਾਰੇ ਪ੍ਰੀਖਿਆਰਥੀ ਚਲੰਤ (Current) ਸਲੇਬਸ ਨਾਲ ਪ੍ਰੀਖਿਆ ਵਿਚ ਅਪੀਅਰ ਹੋਣਗੇ।

**ਅੱਭਾ ਸੱਭਰਵਾਲ ਨੂੰ ਵਿਸ਼ੇਸ਼ ਜੁਰਮਾਨੇ ਸਹਿਤ ਪ੍ਰੋਜੈਕਟ ਰਿਪੋਰਟ ਜਮ੍ਹਾਂ ਕਰਾਉਣ ਦੀ ਪਰਵਾਨਗੀ।**

31. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2005-07 ਦੌਰਾਨ ਐਮ.ਬੀ.ਈ. ਚੌਥਾ ਸਮੈਸਟਰ ਦੀ ਵਿਦਿਆਰਥਣ- ਅੱਭਾ ਸੱਭਰਵਾਲ, ਰੋਲ ਨੰ: 25564, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 9.7.2008 ਤੱਕ ਆਪਣੀ ਪ੍ਰੋਜੈਕਟ ਰਿਪੋਰਟ ਜਮ੍ਹਾਂ ਨਹੀਂ ਕਰਵਾ ਸਕੀ, ਨੂੰ ਬਣਦੀ ਲੇਟ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨੇ ਸਹਿਤ, ਸਿੰਡੀਕੇਟ ਦੀ ਇੱਕਤਰਤਾ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ ਪ੍ਰੋਜੈਕਟ ਰਿਪੋਰਟ ਜਮ੍ਹਾਂ ਕਰਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਸਪੋਰਟਸ ਵਿਭਾਗ ਵਿਖੇ ਵਿਦਿਆਰਥੀਆਂ ਤੋਂ ਲਈ ਜਾਂਦੀ ਸਪੋਰਟਸ ਫੀਸ, ਵਿਦਿਆਰਥੀਆਂ/ਅਮਲੇ ਲਈ ਖਾਣੇ ਦੇ ਦਰ ਅਤੇ ਮਾਣ ਭੱਤੇ ਸਬੰਧੀ ਨਿਰਣੇ ਦੀ ਪੁਸ਼ਟੀ।**

32. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਿੰਡੀਕੇਟ ਦੀ ਇੱਕਤਰਤਾ ਮਿਤੀ 27.9.2011 ਦੇ ਪੈਰਾ ਨੰ: 37 ਰਾਹੀਂ ਸਪੋਰਟਸ ਵਿਭਾਗ ਵਿਖੇ ਦਾਖਲ ਹੋਏ ਵਿਦਿਆਰਥੀਆਂ ਤੋਂ ਵਸੂਲ ਕੀਤੀ ਜਾਣ ਵਾਲੀ ਸਪੋਰਟਸ ਫੀਸ, ਵਿਦਿਆਰਥੀਆਂ/ਅਮਲੇ ਲਈ ਖਾਣੇ ਦੇ ਦਰ ਅਤੇ ਮਾਣ-ਭੱਤਾ ਆਦਿ ਸਬੰਧੀ ਲਿਆ ਗਿਆ ਨਿਰਣਾ ਲਾਗੂ ਕਰਨ ਦੀ ਬਜਾਏ ਉਕਤ ਵਿਭਾਗ ਲਈ **ਅੰਤਿਕਾ** ਅਨੁਸਾਰ ਸਿਫਾਰਸ਼ਾਂ ਦੀ ਪਰਵਾਨਗੀ ਦਿੱਤੀ ਹੈ।

**ਐਡ ਆਨ ਕੋਰਸਾਂ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਦੀ ਪੁਸ਼ਟੀ।**

33. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਨਾਲ ਸਬੰਧਤ ਵੱਖ-ਵੱਖ ਕਾਲਜਾਂ ਵਿਚ ਚੱਲ ਰਹੇ ਐਡ ਆਨ ਕੋਰਸਾਂ ਸਬੰਧੀ ਕਮੇਟੀ ਦੀ ਇੱਕਤਰਤਾ ਮਿਤੀ 1.11.2011 ਦੀਆਂ ਹੇਠ ਲਿਖੀਆਂ ਸਿਫਾਰਸ਼ਾਂ ਦੀ ਪਰਵਾਨਗੀ ਦਿੱਤੀ ਹੈ:-

**(i) ਸੈਸ਼ਨ 2011-12 ਲਈ:-**

1. ਸਬੰਧਤ ਕਾਲਜ ਆਪਣੇ ਪੱਧਰ ਤੇ ਆਪਣੇ ਨਾਲ ਸਬੰਧਤ ਕੋਰਸਾਂ ਦੇ ਪੇਪਰ ਸੈਟ ਆਪ ਹੀ ਕਰਵਾਏਗਾ।
2. ਸਬੰਧਤ ਕਾਲਜ ਆਪਣੇ ਪੱਧਰ ਤੇ ਆਪਣੇ ਨਾਲ ਸਬੰਧਤ ਕੋਰਸਾਂ ਦੀਆਂ ਪ੍ਰੀਖਿਆਵਾਂ ਆਪ ਹੀ ਲਵੇਗਾ।
3. ਸਬੰਧਤ ਕਾਲਜ ਆਪਣੇ ਪੱਧਰ ਤੇ ਆਪਣੇ ਨਾਲ ਸਬੰਧਤ ਕੋਰਸਾਂ ਦੇ ਪੇਪਰਾਂ ਦੀ ਵੈਲਿਊਏਸ਼ਨ ਆਪ ਹੀ ਕਰੇਗਾ।
4. ਸਬੰਧਤ ਕਾਲਜ ਨੰਬਰਾਂ ਦੀ ਅਵਾਰਡ ਲਿਸਟ ਬਣਾ ਕੇ ਯੂਨੀਵਰਸਿਟੀ ਨੂੰ ਭੇਜੇਗਾ ਅਤੇ ਯੂਨੀਵਰਸਿਟੀ ਇਸ ਦਾ ਸਰੀਫਿਕੇਟ ਜਾਰੀ ਕਰੇਗੀ।

**(ii) ਸੈਸ਼ਨ 2012-13 ਤੋਂ:-**

1. ਸਬੰਧਤ ਕਾਲਜ ਯੂ.ਜੀ.ਸੀ. ਵੱਲੋਂ ਅਪਰੂਵਡ ਸਲੇਬਸ ਅਨੁਸਾਰ ਐਡ ਆਨ ਕੋਰਸਾਂ ਦੀ ਪੜ੍ਹਾਈ ਕਰਵਾਏਗਾ।

2. ਸਬੰਧਤ ਕਾਲਜ ਆਪਣੇ ਪੱਧਰ ਤੇ ਆਪਣੇ ਨਾਲ ਸਬੰਧਤ ਕੋਰਸਾਂ ਦੇ ਪੇਪਰ ਸੈਟ ਆਪ ਹੀ ਕਰਵਾਏਗਾ।
3. ਸਬੰਧਤ ਕਾਲਜ ਆਪਣੇ ਪੱਧਰ ਤੇ ਆਪਣੇ ਨਾਲ ਸਬੰਧਤ ਕੋਰਸਾਂ ਦੀਆਂ ਪ੍ਰੀਖਿਆਵਾਂ ਆਪ ਹੀ ਲਵੇਗਾ।
4. ਸਬੰਧਤ ਕਾਲਜ ਆਪਣੇ ਪੱਧਰ ਤੇ ਆਪਣੇ ਨਾਲ ਸਬੰਧਤ ਕੋਰਸਾਂ ਦੇ ਪੇਪਰਾਂ ਦੀ ਵੈਲਿਊਏਸ਼ਨ ਆਪ ਹੀ ਕਰੇਗਾ।
5. ਸਬੰਧਤ ਕਾਲਜ ਆਪਣੇ ਪੱਧਰ ਤੇ ਆਪਣੇ ਨਾਲ ਸਬੰਧਤ ਕੋਰਸਾਂ ਦੇ ਸਰਟੀਫਿਕੇਟ, ਡਿਪਲੋਮਾ ਅਤੇ ਅਡਵਾਂਸ ਡਿਪਲੋਮਾ ਦੇ ਸਰਟੀਫਿਕੇਟ ਆਪ ਹੀ ਜਾਰੀ ਕਰੇਗਾ।
6. ਸਬੰਧਤ ਕਾਲਜ ਸਰਟੀਫਿਕੇਟ ਕੋਰਸ, ਡਿਪਲੋਮਾ ਕੋਰਸ ਅਤੇ ਅਡਵਾਂਸ ਡਿਪਲੋਮਾ ਕੋਰਸ ਵਿੱਚ ਦਾਖਲ ਹੋਏ ਵਿਦਿਆਰਥੀਆਂ ਦੀ ਸੂਚੀ ਰਜਿਸਟ੍ਰੇਸ਼ਨ ਸ਼ਾਖਾ ਵਿਚ ਭੇਜੇਗਾ ਅਤੇ ਸਬੰਧਤ ਕਾਲਜ ਵੱਲੋਂ ਪ੍ਰਤੀ ਵਿਦਿਆਰਥੀ 200/- ਰੁਪਏ ਫੀਸ ਯੂਨੀਵਰਸਿਟੀ ਵਿੱਚ ਜਮ੍ਹਾਂ ਕਰਵਾਈ ਜਾਵੇਗੀ।

(ਅ) ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਉਕਤ (ੳ)(i) ਅਧੀਨ ਸੈਸ਼ਨ 2011-12 ਲਈ ਵੱਖ-ਵੱਖ ਕਾਲਜਾਂ ਵਿਚ ਚੱਲ ਰਹੇ ਐਡ ਆਨ ਕੋਰਸਾਂ ਸਬੰਧੀ ਹੇਠ ਲਿਖੇ ਅਨੁਸਾਰ ਕ੍ਰਮ ਨੰ: 5 ਸ਼ਾਮਲ ਕਰਨ ਦੀ ਪਰਵਾਨਗੀ ਦਿੱਤੀ ਹੈ:-

> "5. ਸਬੰਧਤ ਕਾਲਜ 200/- ਰੁਪਏ ਰਜਿਸਟ੍ਰੇਸ਼ਨ ਫੀਸ ਅਤੇ 500/- ਰੁਪਏ ਯੂਨੀਵਰਸਿਟੀ ਵੱਲੋਂ ਸਰਟੀਫਿਕੇਟ ਜਾਰੀ ਕਰਨ ਲਈ ਫੀਸ, ਮਿਤੀ 15.12.2011 ਤੱਕ ਬਿਨ੍ਹਾਂ ਲੇਟ ਫੀਸ ਤੋਂ ਜਮ੍ਹਾਂ ਕਰਵਾਏਗਾ ਅਤੇ ਦਾਖਲ ਹੋਏ ਵਿਦਿਆਰਥੀਆਂ ਦੀ ਸੂਚੀ ਰਜਿਸਟ੍ਰੇਸ਼ਨ ਸ਼ਾਖਾ, ਲੇਖਾ ਸ਼ਾਖਾ ਅਤੇ ਪ੍ਰੀਖਿਆ ਸ਼ਾਖਾ ਨੂੰ ਭੇਜੇਗਾ।"

**AIEEE-2012 ਦੇ ਅਧਾਰ 'ਤੇ ਯੂਨੀਵਰਸਿਟੀ ਵਿਖੇ ਵੱਖ-ਵੱਖ ਬੀ.ਟੈਕ. ਕੋਰਸਾਂ ਵਿਚ ਦਾਖਲਿਆਂ ਲਈ On-line Counselling ਸਬੰਧੀ ਕਮੇਟੀ ਦੀ ਸਿਫਾਰਸ਼ ਦੀ ਪਰਵਾਨਗੀ।**

34. AIEEE-2012 ਦੇ ਅਧਾਰ 'ਤੇ ਯੂਨੀਵਰਸਿਟੀ ਵਿਖੇ ਵੱਖ-ਵੱਖ ਬੀ.ਟੈਕ. ਕੋਰਸਾਂ ਵਿਚ ਦਾਖਲਿਆਂ ਲਈ On-line Counselling ਸਬੰਧੀ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 16.11.2011 ਦੀ ਸਿਫ਼ਾਰਸ਼ **ਅੰਤਿਕਾ** ਅਨੁਸਾਰ ਉੱਤੇ ਵਿਚਾਰ ਹੋਈ।

**ਪਾਸ ਹੋਇਆ** ਕਿ AIEEE-2012 ਦੇ ਅਧਾਰ 'ਤੇ ਯੂਨੀਵਰਸਿਟੀ ਵਿਖੇ ਵੱਖ-ਵੱਖ ਬੀ.ਟੈਕ. ਕੋਰਸਾਂ ਵਿਚ ਦਾਖਲਿਆਂ ਲਈ On-line Counselling ਸਬੰਧੀ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਮਿਤੀ 16.11.2011 ਦੀ ਸਿਫ਼ਾਰਸ਼ ਹੇਠ ਲਿਖੇ ਕੋਰਸਾਂ ਤੇ ਲਾਗੂ ਹੋਵੇਗੀ:-

1. ਬੀ.ਟੈਕ. (ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ)
2. ਬੀ.ਟੈਕ. (ਇਲੈਕਟ੍ਰਨਿਕਸ ਅਤੇ ਕਮਿਊਨੀਕੇਸ਼ਨ ਇੰਜੀਨੀਅਰਿੰਗ)
3. ਬੀ.ਟੈਕ. (ਫੂਡ ਸਾਇੰਸ ਅਤੇ ਟੈਕਨਾਲੋਜੀ)
4. ਬੀ.ਟੈਕ. (ਟੈਕਸਟਾਈਲ ਕੈਮਿਸਟਰੀ)

ਇਹ ਵੀ **ਪਾਸ ਹੋਇਆ** ਕਿ ਕਮੇਟੀ ਦੀ ਉਕਤ ਸਿਫਾਰਸ਼ ਹੇਠ ਲਿਖੇ ਕੋਰਸਾਂ ਤੇ ਲਾਗੂ ਨਹੀਂ ਹੋਵੇਗੀ:-

1. ਬੀ.ਟੈਕ. (ਅਰਬਨ ਅਤੇ ਰਿਜਨਲ ਪਲਾਨਿੰਗ)
2. ਬੀ.ਟੈਕ. (ਆਰਕੀਟੈਕਚਰ)
3. ਬੀ.ਟੈਕ. (ਸ਼ੂਗਰ ਅਤੇ ਅਲਕੋਹਲ ਟੈਕਨਾਲੋਜੀ)

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

35. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਚੰਚਲ ਬੇਦੀ | Theoretical Investigations of Nonlinear Wave Structures in Dusty and Space Plasmas. | ਫਿਜਿਕਸ- ਸਾਇੰਸਜ਼ ਫੈਕਲਟੀ। |
| 2. | ਪ੍ਰਤਾਪ ਬੀਰ ਸਿੰਘ | Microbial Degradation of Organophosphate Pesticide Chlorpyrifos and the Role of Biosurfactants in its Biodegradation | ਮਾਈਕ੍ਰੋਬਿਆਲੋਜੀ- ਲਾਈਫ ਸਾਇੰਸਜ਼ ਫੈਕਲਟੀ। |
| 3. | ਸੰਦੀਪ ਸ਼ਰਮਾ | Piperine as Bioefficacy Enhancer of Rifampicin against Mycobacterium tuberculosis Infection. | - ਉਹੀ - |
| 4. | ਸੁਰਿੰਦਰ ਕੌਰ | 1950 ਈ. ਤੋਂ ਪਹਿਲਾਂ ਦੀ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ: ਤੁਲਨਾਤਮਕ ਅਧਿਐਨ | ਪੰਜਾਬੀ- ਲੈਂਗੂਏਜਿਜ਼ ਫੈਕਲਟੀ। |
| 5. | ਮੋਨਿਕਾ ਠਾਕੁਰ | ਹਰਸਰਨ ਸਿੰਘ ਤੇ ਮੋਹਨ ਰਾਕੇਸ਼ ਦੇ ਨਾਟਕਾਂ ਦਾ ਥੀਮ-ਵਿਗਿਆਨਕ ਅਧਿਐਨ | - ਉਹੀ - |
| 6. | ਰਾਜਨਦੀਪ ਕੌਰ | ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਦੀ ਅਰਥ ਵਿਗਿਆਨਕ ਜੁਗਤ | - ਉਹੀ - |
| 7. | ਮਨਦੀਪ ਕੌਰ | ਵਰਤ: ਸਮਾਜ-ਮਨੋਵਿਗਿਆਨਕ ਅਧਿਐਨ | - ਉਹੀ - |
| 8. | ਗੁਰਮੀਤ ਸਿੰਘ | ਕੇਵਲ ਧਾਲੀਵਾਲ ਦੀਆਂ ਨਾਟ-ਜੁਗਤਾਂ ਦਾ ਆਲੋਚਨਾਤਮਕ ਅਧਿਐਨ | - ਉਹੀ - |
| 9. | ਸਤਿੰਦਰ ਕੌਰ | ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਦਾਰਸ਼ਨਿਕ ਅਤੇ ਸਮਾਜ-ਸਭਿਆਚਾਰਕ ਅਧਿਐਨ | - ਉਹੀ - |
| 10. | ਵਿਸ਼ਾਲ ਕੁਮਾਰ | ਗੁਰੂ ਗੋਬਿੰਦ ਸਿੰਘ ਬਾਰੇ ਪ੍ਰਾਪਤ ਮਹਾਕਾਵਿ: ਨਾਇਕ ਬਿੰਬ ਅਤੇ ਸ਼ਿਲਪ ਵਿਧਾਨ | - ਉਹੀ - |
| 11. | ਮਨਜੀਤ ਕੌਰ | ਪੰਜਾਬੀ ਭਾਸ਼ਾ ਦੇ ਧੁਨੀ ਪੈਟਰਨ | - ਉਹੀ - |
| 12. | ਸੁਸ਼ੀਲ ਬੋਧ | Politics of Ethno-Nationalism in Post-Soviet Uzbekistan | ਪੋਲੀਟੀਕਲ ਸਾਇੰਸ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 13. | ਆਸ਼ਾ ਰਾਣੀ | Master Gurbanta Singh: A Study of His Role in Punjab Politics | - ਉਹੀ - |
| 14. | ਅਭੈ ਜੈਨ | Adoption and diffusion of Mobile Services in Rural Punjab. | ਕਾਮਰਸ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 15. | ਰਾਜੀਵ ਕੁਮਾਰ | Study of ion transport properties of some triflate based proton conducting polymer gel electrolytes | ਅਪਲਾਈਡ ਫਿਜਿਕਸ- ਅਪਲਾਈਡ ਸਾਇੰਸਜ਼ ਫੈਕਲਟੀ। |
| 16. | ਫੁਲਵਿੰਦਰ ਪਾਲ ਸਿੰਘ | Economic Reforms, Productivity and Technical Change in Indian Manufacturing Sector | ਇਕਨਾਮਿਕਸ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |

| | | | |
|---|---|---|---|
| 17. | ਰਚਿਤਾ ਗੁਲਾਟੀ | Efficiency in Indian Commercial Banks- A Post-deregulation Experience. | - ਉਹੀ - |
| 18. | ਨਵਦੀਪ ਕੁਮਾਰ | Effectiveness of India's New Competition Policy in Augmenting the Competitiveness of Indian Industry. | - ਉਹੀ - |
| 19. | ਅਦਿਤੀ ਸ਼ਰਮਾ | Legal Perspective of Gender Equality in India: A Critical Analysis | ਲਾਅ-<br>ਲਾਅ ਫੈਕਲਟੀ। |
| 20. | ਯੋਗੇਸ਼ ਕੁਮਾਰ | Genome Organization and Mechanism of RNA Silencing Suppression of Begomoviruses Infecting some Solanaceous Crops. | ਬਾਇਓ-ਟੈਕਨਾਲੋਜੀ-<br>ਲਾਈਫ ਸਾਇੰਸਜ਼ ਫੈਕਲਟੀ। |
| 21. | ਅਭਿਮਨਿਊ ਧੀਰ | Moleculer Switches and Photonic Logic Gates Based on Thia (calix) [4] arenes. | ਕੈਮਿਸਟਰੀ-<br>ਸਾਇੰਸਜ਼ ਫੈਕਲਟੀ। |
| 22. | ਵਿਕਾਸ ਜੈਤਕ | Chemical Investigation of Medicinal and Aromatic Plants and Synthetic Modifications of Organic Molecules by Chemical and Enzymatic Processes. | - ਉਹੀ - |
| 23. | ਨਵਦੀਪ ਕੌਰ | Assessment of Overweight and Obesity among Preschool Children of Amritsar. | ਹਿਊਮਨ ਜੈਨੇਟਿਕਸ-<br>ਲਾਈਫ ਸਾਇੰਸਜ਼ ਫੈਕਲਟੀ। |
| 24. | ਕਪਿਲ ਲੂੰਬਾ | Concept of Discipline as Propounded by Indian Educational Thinkers and Devising a Programme of Action. | ਐਜੂਕੇਸ਼ਨ-<br>ਐਜੂਕੇਸ਼ਨ ਫੈਕਲਟੀ। |
| 25. | ਪਰਮਵੀਰ ਸਿੰਘ | Design and Validation of Dynamic Metrics for Object Oriented Software Systems. | ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ-<br>ਇੰਜੀਨੀਅਰਿੰਗ ਤੇ ਟੈਕਨਾਲੋਜੀ ਫੈਕਲਟੀ। |
| 26. | ਸੁਸ਼ਮਾ ਦੇਵੀ | Life, literature and Philosophy of Saint Bood Singh'Bir'" | ਹਿੰਦੀ-<br>ਲੈਂਗੂਏਜਿਜ਼ ਫੈਕਲਟੀ। |

**ਸ੍ਰੀ ਪਵਨ ਕੁਮਾਰ, ਸਹਾਇਕ ਰਜਿਸਟਰਾਰ (ਸੇਵਾ-ਮੁਕਤ) ਦੀ ਡੀਨ, ਕਾਲਜ ਵਿਕਾਸ ਕੌਂਸਲ ਦਫਤਰ ਵਿਖੇ ਓ.ਐਸ.ਡੀ. (ਅਕਾਊਂਟਸ) ਵਜੋਂ ਨਿਯੁਕਤੀ ਦੀ ਪੁਸ਼ਟੀ।**

36. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਪਵਨ ਕੁਮਾਰ, ਸਹਾਇਕ ਰਜਿਸਟਰਾਰ (ਸੇਵਾ-ਮੁਕਤ) ਨੂੰ ਨਵੇਂ ਸਥਾਪਤ ਕਾਂਸਟੀਚੂਐਂਟ ਕਾਲਜਾਂ ਅਤੇ ਰਿਜਨਲ ਕੈਂਪਸਾਂ ਦੇ ਲੇਖਾ ਅਤੇ ਵਿਤੀ ਮਾਮਲਿਆਂ ਦੀ ਦੇਖ-ਭਾਲ ਲਈ 15000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ਤੇ ਹਾਜਰ ਹੋਣ ਦੀ ਮਿਤੀ ਤੋਂ 6 ਮਹੀਨੇ ਲਈ ਡੀਨ, ਕਾਲਜ ਵਿਕਾਸ ਕੌਂਸਲ ਦਫਤਰ ਵਿਖੇ ਕੰਟ੍ਰੈਕਟ ਅਧਾਰ ਤੇ ਓ.ਐਸ.ਡੀ. (ਅਕਾਊਂਟਸ) ਵਜੋਂ ਨਿਯੁਕਤ ਕੀਤਾ ਹੈ।

**ਉਪ-ਕੁਲਪਤੀ ਸਾਹਿਬ ਦਾ ਬਿਆਨ।**

37. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦਸਿਆ ਕਿ:-

1. ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵੱਲੋਂ Centre with Potential for Excellence

in Particular Area ਸਕੀਮ ਅਧੀਨ ਇਸ ਯੂਨੀਵਰਸਿਟੀ ਵਿਖੇ Centre on Genetic Basis of cancer and Type 2 Diabetes Mellitus in Punjab ਸਥਾਪਿਤ ਕੀਤਾ ਗਿਆ ਹੈ, ਜਿਸ ਲਈ 6.15 ਕਰੋੜ ਰੁਪਏ ਪ੍ਰਵਾਨ ਹੋਏ ਹਨ।

2. ਯੂਨਵਿਰਸਿਟੀ ਦੇ ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਹੁਣ ਤੱਕ ਬੈਚ-2012 ਦੇ ਕੁੱਲ 507 ਵਿਦਿਆਰਥੀਆਂ ਦੀ ਦੇਸ਼ ਦੀਆਂ ਨੈਸ਼ਨਲ ਅਤੇ ਮਲਟੀਨੈਸ਼ਨਲ ਕੰਪਨੀਆਂ ਵਿਚ ਪਲੇਸਮੈਂਟ ਹੋ ਚੁੱਕੀ ਹੈ।

3. ਯੂਨੀਵਰਸਿਟੀ ਦੇ ਆਲ ਇੰਡੀਆ ਸਰਵਿਸਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੀਟਿਵ ਐਗਜ਼ਾਮੀਨੇਸ਼ਨਜ਼ ਦੇ 8 ਵਿਦਿਆਰਥੀਆਂ ਨੇ ਜੂਨ 2011 ਵਿਚ ਹੋਈ ਯੂ.ਜੀ.ਸੀ.(ਨੈੱਟ) ਦੀ ਪ੍ਰੀਖਿਆ ਪਾਸ ਕੀਤੀ ਹੈ।

4. ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਵੱਲੋਂ ਮਿਤੀ 22 ਤੋਂ 26 ਨਵੰਬਰ, 2011 ਨੂੰ ਆਯੋਜਿਤ ਕੀਤੇ ਨਾਰਥ-ਜੋਨ ਅੰਤਰ ਯੂਨੀਵਰਸਿਟੀ ਯੂਥ ਫੈਸਟੀਵਲ ਵਿਚ ਓਵਰਆਲ ਚੈਂਪੀਅਨ ਟਰਾਫੀ ਪ੍ਰਾਪਤ ਕੀਤੀ ਹੈ। ਇਸ ਦੇ ਇਲਾਵਾ ਯੂਨੀਵਰਸਿਟੀ ਨੇ ਲਿਟਰੇਰੀ, ਫਾਈਨ ਆਰਟਸ ਅਤੇ ਥੀਏਟਰ ਟਰਾਫੀਆਂ ਵੀ ਹਾਸਲ ਕੀਤੀਆਂ ਹਨ।

5. ਯੂ.ਜੀ.ਸੀ. ਰੈਗੂਲੇਸ਼ਨਜ਼, 2010 (ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਅਕਾਦਮਿਕ ਸਟਾਫ ਦੀਆਂ ਨਿਯੁਕਤੀਆਂ ਲਈ ਘੱਟੋ-ਘੱਟ ਯੋਗਤਾਵਾਂ) 'ਤੇ ਮੁੜ ਵਿਚਾਰ ਕਰਨ ਅਤੇ ਸਿਫਾਰਸ਼ਾਂ ਦੇਣ ਲਈ ਬਣਾਈ ਗਈ ਕਮੇਟੀ ਵਿਚ ਉਪ-ਕੁਲਪਤੀ ਸਾਹਿਬ ਨੂੰ ਮੈਂਬਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਉਪ-ਕੁਲਪਤੀ ਸਾਹਿਬ ਨੂੰ ਭਾਰਤ ਸਰਕਾਰ ਦੇ ਮਨੁੱਖੀ ਵਸੀਲਿਆਂ ਦੇ ਵਿਭਾਗ ਵੱਲੋਂ University Reforms ਸਬੰਧੀ ਬਣਾਈ ਗਈ CABE ਦੀ Expert Committee ਵਿਚ ਵੀ ਸ਼ਾਮਲ ਕੀਤਾ ਗਿਆ ਹੈ।

6. ਯੂਨੀਵਰਸਿਟੀ ਦੇ ਸੈਂਟਰ ਆਨ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲੋਂ 12 ਨਵੰਬਰ ਨੂੰ Enhancing Sikh-Christian Dialouge for World Peace ਵਿਸ਼ੇ ਤੇ ਇਕ ਰੋਜਾ ਸੈਮੀਨਾਰ ਵੀ ਕਰਵਾਇਆ ਗਿਆ। ਇਸ ਤੋਂ ਇਲਾਵਾ ਇਸ ਕੇਂਦਰ ਵੱਲੋਂ 7 ਅਤੇ 8 ਅਕਤੂਬਰ ਨੂੰ Studies on Sri Guru Granth Sahib Utilisation of Computer and Digital Technology ਵਿਸ਼ੇ 'ਤੇ ਵਰਕਸ਼ਾਪ ਆਯੋਜਿਤ ਕੀਤੀ ਗਈ।

7. ਯੂਨੀਵਰਸਿਟੀ ਦੇ ਗੁਰੂ ਨਾਨਕ ਅਧਿਐਨ ਵਿਭਾਗ ਵੱਲੋਂ 22-23 ਨਵੰਬਰ ਨੂੰ ਗੁਰੂ-ਕਾਲ ਦੇ ਸ੍ਰੋਤਾਂ ਵਿਚ ਗੁਰੂ ਨਾਨਕ ਸਾਹਿਬ: ਜੀਵਨ ਤੇ ਸ਼ਖਸੀਅਤ ਵਿਸ਼ੇ ਤੇ 26ਵਾਂ ਸਲਾਨਾ ਸੈਮੀਨਾਰ ਆਯੋਜਿਤ ਕੀਤਾ ਗਿਆ। ਇਸ ਤੋਂ ਇਲਾਵਾ ਵਿਭਾਗ ਵੱਲੋਂ 5 ਅਕਤੂਬਰ ਨੂੰ ਭਾਰਤੀ ਵਿਦਿਅਕ ਪ੍ਰਣਾਲੀ ਅਤੇ ਗੁਰੂ ਨਾਨਕ ਦੇਵ ਜੀ ਵਿਸ਼ੇ 'ਤੇ ਪ੍ਰਿੰਸੀਪਲ ਇਕਬਾਲ ਸਿੰਘ ਮੈਮੋਰੀਅਲ ਲੈਕਚਰ ਕਰਵਾਇਆ ਗਿਆ।

8. ਯੂਨੀਵਰਸਿਟੀ ਦੇ ਸੋਸ਼ਿਆਲੋਜੀ ਵਿਭਾਗ ਵੱਲੋਂ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸਜ਼ ਰਿਸਰਚ, ਨਵੀਂ ਦਿੱਲੀ ਦੇ ਸਹਿਯੋਗ ਨਾਲ 17-18 ਨਵੰਬਰ, 2011 ਨੂੰ Dynamics of Caste and Religion in North West India: Continuity, Conflict and Change ਵਿਸ਼ੇ 'ਤੇ 15ਵੀਂ ਨਾਰਥ ਵੈਸਟ ਇੰਡੀਅਨ ਸੋਸ਼ਿਆਲੋਜੀਕਲ ਐਸੋਸੀਏਸ਼ਨ ਕਾਨਫਰੰਸ ਆਯੋਜਿਤ ਕੀਤੀ ਗਈ।

9. ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਵੱਲੋਂ 21 ਅਕਤੂਬਰ ਨੂੰ Problems of Indian Women who go to USA after marrying with the NRI's ਵਿਸ਼ੇ 'ਤੇ ਵਿਸ਼ੇਸ਼ ਭਾਸ਼ਨ ਕਰਵਾਇਆ ਗਿਆ। ਇਹ ਭਾਸ਼ਨ ਅਮਰੀਕਾ ਦੀ Immigration and

Business Services ਦੀ ਫਾਊਂਡਰ ਪ੍ਰਧਾਨ Ms. Anu Peshawaria ਨੇ ਦਿੱਤਾ।

10. ਯੂਨੀਵਰਸਿਟੀ ਦੇ ਬੋਟਾਨੀਕਲ ਐਂਡ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵੱਲੋਂ 15 ਨਵੰਬਰ ਨੂੰ ਸਰਦਾਰ ਬਿਸ਼ਨ ਸਿੰਘ ਸਮੁੰਦਰੀ ਮੈਮੋਰੀਅਲ ਲੈਕਚਰ ਕਰਵਾਇਆ ਗਿਆ। ਇਹ ਲੈਕਚਰ ਪ੍ਰੋਫੈਸਰ ਮਨਜੀਤ ਸਿੰਘ ਕੰਗ, ਸਾਬਕਾ, ਉਪ-ਕੁਲਪਤੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਦਿੱਤਾ। ਇਸ ਤੋਂ ਇਲਾਵਾ ਪੰਜਾਬ ਸਕੂਲ ਆਫ ਇਕਾਨਮਿਕਸ ਵੱਲੋਂ 19 ਦਸੰਬਰ ਨੂੰ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਭਾਸ਼ਨ ਕਰਵਾਇਆ ਗਿਆ। ਇਹ ਭਾਸ਼ਨ ਨਵੀਂ ਦਿੱਲੀ ਦੇ ਨੈਸ਼ਨਲ ਸੈਂਟਰ ਆਫ ਐਗਰੀਕਲਚਰ ਇਕਨਾਮਿਕਸ ਐਂਡ ਪਾਲਸੀ ਰਿਸਰਚ ਦੇ ਡਾਇਰੈਕਟਰ ਡਾ. ਰਮੇਸ਼ ਚੰਦ ਨੇ ਦਿੱਤਾ।

11. ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਵੱਲੋਂ ਮਿਤੀ 5 ਦਸੰਬਰ ਤੋਂ 10 ਦਸੰਬਰ ਤੱਕ ਕਰਵਾਏ ਸ਼ਾਰਟ ਟਰਮ ਕੋਰਸ ਦੌਰਾਨ ਅਮਰੀਕਾ ਦੀ ਇਨਫਰਮੇਸ਼ਨ ਟੈਕਨਾਲੋਜੀ 'ਚ ਪ੍ਰਸਿੱਧ ਕੰਪਨੀ ਬੀ.ਐਸ.ਸੀ. ਗਲੋਬਲ ਬਿਜ਼ਨਸ ਸੋਲਿਊਸ਼ਨ ਦੇ ਪ੍ਰਧਾਨ ਮਿਸਟਰ ਆਰ. ਲੈਮਿਊਲ ਲੈਸ਼ਰ ਨੇ ਸੂਚਨਾ ਤਕਨੀਕ ਤੇ ਅਗਲੀ ਪੀੜ੍ਹੀ ਵਿਸ਼ੇ 'ਤੇ ਭਾਸ਼ਨ ਦਿੱਤਾ।

12. ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਦੇ ਮੁਖੀ ਸ. ਬਲਵਿੰਦਰ ਸਿੰਘ ਨੂੰ ਹਿਮਾਚਲ ਪ੍ਰਦੇਸ਼ ਸਰਕਾਰ ਦੇ Town and Country Planning Department ਵੱਲੋਂ Heritage Advisory Committee ਦਾ ਸਾਲ 2011-12 ਲਈ ਮੈਂਬਰ ਨਾਮਜ਼ਦ ਕੀਤਾ ਗਿਆ ਹੈ।

13. ਪੰਜਾਬੀ ਅਧਿਐਨ ਸਕੂਲ ਦੇ ਪ੍ਰੋਫੈਸਰ ਹਰਭਜਨ ਸਿੰਘ ਭਾਟੀਆ ਨੂੰ ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਪੰਜਾਬੀ ਸਾਹਿਤ ਆਲੋਚਕ ਪੁਰਸਕਾਰ ਲਈ ਚੁਣਿਆ ਗਿਆ ਹੈ।

14. ਫੂਡ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਦੇ ਪ੍ਰੋਫੈਸਰ ਡਾ. ਨਰਪਿੰਦਰ ਸਿੰਘ ਨੂੰ ਨੈਸ਼ਨਲ ਅਕੈਡਮੀ ਆਫ ਸਾਇੰਸਜ਼, ਇੰਡੀਆ ਦਾ ਫੈਲੋ ਚੁਣਿਆ ਗਿਆ ਹੈ।

15. ਯੂਨੀਵਰਸਿਟੀ ਦੀ ਭਾਈ ਗੁਰਦਾਸ ਲਾਇਬ੍ਰੇਰੀ ਦੇ ਲਾਇਬ੍ਰੇਰੀਅਨ ਡਾ. ਐਚ.ਐਸ. ਚੋਪੜਾ ਨੂੰ ਪੰਜਾਬ ਸਰਕਾਰ ਵੱਲੋਂ ਪੰਜਾਬ ਪਬਲਿਕ ਲਾਇਬ੍ਰੇਰੀ ਐਕਟ 2011 ਬਨਾਉਣ ਲਈ ਗਠਿਤ Core Committee ਦਾ ਮੈਂਬਰ ਬਣਾਇਆ ਗਿਆ ਹੈ।

16. ਡਾਇਰੈਕਟਰ, ਯੁਵਕ ਭਲਾਈ ਡਾ. ਜਗਜੀਤ ਕੌਰ ਨੂੰ ਉਨ੍ਹਾਂ ਦੀਆਂ ਵਿਦਿਅਕ, ਸਭਿਆਚਾਰਕ ਗਤੀਵਿਧੀਆਂ, ਯੁਵਾ ਪੀੜ੍ਹੀ ਨੂੰ ਸ਼ਿੱਦਤ ਨਾਲ ਅਗਾਂਹਵੱਧੂ ਵੇਖਣ ਲਈ ਤਤਪਰ ਅਤੇ ਯੁਵਕਾਂ ਦੀ ਭਲਾਈ ਲਈ ਯੋਗ ਲੀਡਰਸ਼ਿਪ ਸਦਕਾ 9 ਦਸੰਬਰ ਨੂੰ ਕੋਕਾ ਕੋਲਾ ਐਕਸਪੋਜ਼ਰ ਮੀਡੀਆ ਵੱਲੋਂ ਪਰਾਈਡ ਆਫ ਅੰਮ੍ਰਿਤਸਰ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ।

17. ਵੱਖ-ਵੱਖ ਸੰਸਥਾਵਾਂ ਤੋਂ ਯੂਨੀਵਰਸਿਟੀ ਨੂੰ ਖੋਜ-ਕਾਰਜਾਂ/ਮੰਤਵਾਂ ਲਈ 120.65 ਕਰੋੜ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਹੈ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| | Rs. (in Crores) |
|---|---|
| 1. Centre with Potential for Excellence in Particular area | 6.15 |
| 2. Centre for Study in Sri Guru Granth Sahib | 47.50 |
| 3. PURSE program (for 3 years Rs. 3 Crore/Year) | 9.00 |
| 4. Girls Hostel, GNDU Campus | 9.00 |
| 5. Hostel, Regional Campus, Sathiala | 5.00 |
| 6. Heritage Village | 20.00 |
| 7. Regional Campus, Sathiala | 9.00 |
| 8. Lecture Complex, GNDU Campus | 3.00 |
| 9. Astroturf | 4.00 |
| 10. Hockey Stadium | 8.00 |

18. ਇਸ ਯੂਨੀਵਰਸਿਟੀ ਨੂੰ ਦੇਸ਼ ਦੀਆਂ ਪਹਿਲੀਆਂ ਦੱਸ ਯੂਨੀਵਰਸਿਟੀਆਂ ਵਿਚ ਆਉਣ ਕਾਰਣ ਪੋਟੈਂਸ਼ੀਅਲ ਫਾਰ ਐਕਸੀਲੈਂਸ ਲਈ ਯੂ.ਜੀ.ਸੀ. ਵੱਲੋਂ 50 ਕਰੋੜ ਰੁਪਏ ਦੀ ਗ੍ਰਾਂਟ ਮਿਲਣ ਦੀ ਸੰਭਾਵਨਾ ਹੈ।

**ਸਿੰਡੀਕੇਟ ਨੇ ਯੂਨੀਵਰਸਿਟੀ ਦੀ ਬਿਹਤਰੀ ਲਈ ਉਪ-ਕੁਲਪਤੀ ਸਾਹਿਬ ਵੱਲੋਂ ਕੀਤੇ ਗਏ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

**ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

38. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਉਪ-ਕੁਲਪਤੀ ਸਾਹਿਬ ਦੀ ਇਕ ਦਿਨ ਦੀ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਦੀ ਪਰਵਾਨਗੀ ਸਬੰਧੀ ਸੂਚਨਾ ਨੋਟ ਕੀਤੀ ਗਈ।**

39. ਸਿੰਡੀਕੇਟ ਨੇ **ਨੋਟ ਕੀਤਾ** ਕਿ ਮਾਣਯੋਗ ਗਵਰਨਰ, ਪੰਜਾਬ (ਕੁਲਪਤੀ, ਗੁਰੂ ਨਾਨਕ ਦੇਵ ਯੂਨੀਵਰਸਿਟੀ) ਨੇ ਆਪਣੇ ਪੱਤਰ ਨੰ: 5/6/2009-GNDU-2G/PRB/4233 ਮਿਤੀ 12.7.2011 ਰਾਹੀਂ ਪ੍ਰੋਫੈਸਰ ਅ.ਸ. ਬਰਾੜ, ਉਪ-ਕੁਲਪਤੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਆਈ.ਆਈ.ਟੀ., ਨਵੀਂ ਦਿੱਲੀ ਵਿਖੇ ਪ੍ਰੋਫੈਸਰ ਵਜੋਂ ਜਾਇਨ ਕਰਨ ਹਿਤ ਮਿਤੀ 31.1.2012 ਦੀ ਇਕ ਦਿਨ ਦੀ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਦੀ ਪਰਵਾਨਗੀ ਦਿੱਤੀ ਹੈ।

**ਡਾ. ਸੁਨੀਲ ਕੁਮਾਰ, ਰੀਡਰ, ਪੰਜਾਬ ਸਕੂਲ ਆਫ ਇਕਨਾਮਿਕਸ ਦੀ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਦੀ ਪਰਵਾਨਗੀ।**

40. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਕੈਲੰਡਰ 2007, ਜਿਲਦ ਦੂਜੀ ਦੇ ਪੰਨਾ 66-67 ਉੱਤੇ ਦਰਜ ਸਟੈਚਿਊਟ 83 ਅਧੀਨ ਡਾ. ਸੁਨੀਲ ਕੁਮਾਰ, ਰੀਡਰ, ਪੰਜਾਬ ਸਕੂਲ ਆਫ ਇਕਨਾਮਿਕਸ ਨੂੰ ਸਾਊਥ ਏਸ਼ੀਅਨ ਯੂਨੀਵਰਸਿਟੀ, ਨਵੀਂ ਦਿੱਲੀ ਵਿਖੇ ਐਸੋਸੀਏਟ ਪ੍ਰੋਫੈਸਰ ਇਨ ਡਿਵੈਲਪਮੈਂਟ ਇਕਨਾਮਿਕਸ ਵਜੋਂ ਜਾਇਨ ਕਰਨ ਹਿਤ ਮਿਤੀ 1.7.2011 ਤੋਂ 30.6.2012 ਤੱਕ ਇਕ ਸਾਲ ਲਈ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਦੀ ਪਰਵਾਨਗੀ ਦਿੱਤੀ ਹੈ।

(ਅ) ਡਾ. ਸੁਨੀਲ ਕੁਮਾਰ, ਰੀਡਰ, ਪੰਜਾਬ ਸਕੂਲ ਆਫ ਇਕਨਾਮਿਕਸ ਦੀ ਬੇਨਤੀ (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਉਕਤ ਸਟੈਚਿਊਟ ਅਧੀਨ ਉਨ੍ਹਾਂ ਦੀ ਮਿਤੀ 1.7.2012 ਤੋਂ 30.6.2014 ਤੱਕ ਦੋ ਸਾਲ ਲਈ ਬਿਨ੍ਹਾਂ ਤਨਖਾਹ ਅਸਾਧਾਰਣ ਛੁੱਟੀ ਪਰਵਾਨ ਕੀਤੀ ਜਾਂਦੀ ਹੈ।

**ਮਿਸ. ਪੰਕਜ ਦੀਪ ਕੌਰ, ਸਹਾਇਕ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ ਸਟੱਡੀ ਲੀਵ ਦੀ ਪੁਸ਼ਟੀ।**

41. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਟੱਡੀ ਲੀਵ ਕੇਸਾਂ ਤੇ ਵਿਚਾਰ ਹਿਤ ਗਠਿਤ ਐਡਵਾਈਜ਼ਰੀ ਕਮੇਟੀ ਦੀ ਮਿਤੀ 5.12.2011 ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਿਸ. ਪੰਕਜ ਦੀਪ ਕੌਰ, ਸਹਾਇਕ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਜਲੰਧਰ ਨੂੰ ਥਾਪਰ ਯੂਨੀਵਰਸਿਟੀ, ਪਟਿਆਲਾ ਵਿਖੇ ਪੀਐਚ.ਡੀ. ਸਬੰਧੀ ਖੋਜ ਕਾਰਜ ਪੂਰਾ ਕਰਨ ਹਿਤ ਮਿਤੀ 16.1.2012 ਤੋਂ 15.1.2013 ਤੱਕ ਇਕ ਸਾਲ ਲਈ ਪੂਰੀ ਤਨਖਾਹ 'ਤੇ ਸਟੱਡੀ ਲੀਵ ਪਰਦਾਨ ਕੀਤੀ ਹੈ।

ਐਮ.ਫਿਲ. (ਅੰਗਰੇਜੀ) ਦੀ ਵਿਦਿਆਰਥਣ- ਸ਼ਿਲਪਾ ਦਿਵੇਦੀ ਨੂੰ ਜੁਰਮਾਨੇ ਸਹਿਤ ਖੋਜ ਨਿਬੰਧ ਜਮ੍ਹਾਂ ਕਰਾਉਣ ਦੀ ਪਰਵਾਨਗੀ।

42. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਮ.ਫਿਲ.(ਅੰਗਰੇਜੀ), ਸੈਸ਼ਨ 2008-09 ਦੀ ਵਿਦਿਆਰਥਣ- ਸ਼ਿਲਪਾ ਦਿਵੇਦੀ, ਰੋਲ ਨੰ: 881870, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 19.5.2010 ਤੱਕ ਆਪਣਾ ਖੋਜ ਨਿਬੰਧ ਜਮ੍ਹਾਂ ਨਹੀਂ ਕਰਵਾ ਸਕੀ, ਨੂੰ ਬਣਦੀ ਲੇਟ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨਾ ਫੀਸ ਅਤੇ ਹੋਰ ਸਾਧਾਰਣ ਫੀਸ ਨਾਲ, ਸਿੰਡੀਕੇਟ ਦੀ ਇੱਕਤਰਤਾ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ ਖੋਜ ਨਿਬੰਧ ਜਮ੍ਹਾਂ ਕਰਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਐਮ.ਫਿਲ. (ਸੰਗੀਤ) ਦੀ ਵਿਦਿਆਰਥਣ- ਸ਼ਿਖਾ ਮਲਹੋਤਰਾ ਨੂੰ ਜੁਰਮਾਨੇ ਸਹਿਤ ਖੋਜ ਨਿਬੰਧ ਜਮ੍ਹਾਂ ਕਰਾਉਣ ਦੀ ਪਰਵਾਨਗੀ।

43. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਮ.ਫਿਲ.(ਸੰਗੀਤ), ਸੈਸ਼ਨ 2009-10 ਦੀ ਵਿਦਿਆਰਥਣ- ਸ਼ਿਖਾ ਮਲਹੋਤਰਾ, ਰੋਲ ਨੰ: 894291, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 29.12.2010 ਤੱਕ ਆਪਣਾ ਖੋਜ ਨਿਬੰਧ ਜਮ੍ਹਾਂ ਨਹੀਂ ਕਰਵਾ ਸਕੀ, ਨੂੰ ਬਣਦੀ ਲੇਟ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨਾ ਫੀਸ ਅਤੇ ਹੋਰ ਸਾਧਾਰਣ ਫੀਸ ਨਾਲ, ਸਿੰਡੀਕੇਟ ਦੀ ਇੱਕਤਰਤਾ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ ਖੋਜ ਨਿਬੰਧ ਜਮ੍ਹਾਂ ਕਰਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਐਸ.ਆਰ.ਐਸ.ਪੀ.ਐਮ. ਯੂਨੀਵਰਸਿਟੀ ਕਾਲਜ, ਨਿਆੜੀ ਵਿਖੇ ਵਿਦਿਆਰਥੀਆਂ ਦੇ ਲੇਟ ਦਾਖਲੇ ਦੀ ਪਰਵਾਨਗੀ।

44. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਸ.ਆਰ.ਐਸ.ਪੀ.ਐਮ. ਯੂਨੀਵਰਸਿਟੀ ਕਾਲਜ, ਨਿਆੜੀ ਵਿਖੇ ਹੇਠ ਲਿਖੇ ਵਿਦਿਆਰਥੀਆਂ ਦਾ 5000/- ਰੁਪਏ ਲੇਟ ਫੀਸ ਨਾਲ ਬੀ.ਏ. ਭਾਗ ਪਹਿਲਾ ਕਲਾਸ ਵਿਚ ਲੇਟ ਦਾਖਲਾ ਪਰਵਾਨ ਕੀਤਾ ਜਾਂਦਾ ਹੈ:-

1. ਪੂਜਾ ਦੇਵੀ
2. ਸੋਨਿਕਾ ਦੇਵੀ

ਸ੍ਰੀ ਮੇਜਰ ਸਿੰਘ ਗਿੱਲ, ਸਹਾਇਕ ਰਜਿਸਟਰਾਰ (ਹੋਸਟਲਜ਼) ਨੂੰ ਵਿਸ਼ੇਸ਼ ਭੱਤਾ ਅਤੇ ਸਵਾਰੀ ਭੱਤਾ ਦੇਣ ਦੀ ਪਰਵਾਨਗੀ।

45. ਵਿਤ ਕਮੇਟੀ ਦੀ ਸਿਫਾਰਸ਼ ਦੇ ਅਧਾਰ 'ਤੇ ਸਿੰਡੀਕੇਟ ਦੀ ਇੱਕਤਰਤਾ ਮਿਤੀ 23.2.2009 ਦੇ ਪੈਰਾ 3 ਰਾਹੀਂ ਸ੍ਰੀ ਮੇਜਰ ਸਿੰਘ ਗਿੱਲ, ਜਿਸ ਦੀ ਅਸਾਮੀ ਹੋਸਟਲ ਨਿਗਰਾਨ (ਗ੍ਰੇਡ 7220-11660) ਤੋਂ ਸਹਾਇਕ ਰਜਿਸਟਰਾਰ(ਹੋਸਟਲਾਂ) (ਗ੍ਰੇਡ 7880-11660) (ਐਕਸ ਕੇਡਰ) ਦੀ ਅਸਾਮੀ ਵਿਚ ਅਪਗ੍ਰੇਡ ਕੀਤੀ ਗਈ ਸੀ, ਨੂੰ ਯੂਨੀਵਰਸਿਟੀ ਵਿਚ ਕੰਮ ਕਰਦੇ ਦੂਜੇ ਸਹਾਇਕ ਰਜਿਸਟਰਾਰਾਂ ਦੀ ਤਰ੍ਹਾਂ ਮਿਲ ਰਹੇ 800/- ਰੁਪਏ ਸਵਾਰੀ ਭੱਤਾ ਅਤੇ 2000/- ਰੁਪਏ ਵਿਸ਼ੇਸ਼ ਭੱਤਾ ਦੇਣ ਤੇ ਵਿਚਾਰ ਹੋਈ।

ਹੇਠ ਲਿਖੇ ਨੋਟ 'ਤੇ ਵੀ ਵਿਚਾਰ ਹੋਈ:-

**ਨੋਟ:-** ਸ੍ਰੀ ਮੇਜਰ ਸਿੰਘ ਗਿੱਲ ਦੇ ਸੇਵਾ-ਮੁਕਤ ਹੋਣ ਉਪਰੰਤ ਇਹ ਅਸਾਮੀ ਮੁੜ ਹੋਸਟਲ ਨਿਗਰਾਨ ਦੀ ਅਸਾਮੀ ਵਿਚ ਤਬਦੀਲ ਹੋ ਜਾਵੇਗੀ। ਇਸ ਸਮੇਂ ਉਨ੍ਹਾਂ ਨੂੰ ਕੇਵਲ 500/- ਰੁਪਏ ਪ੍ਰਤੀ ਮਹੀਨਾ ਵਿਸ਼ੇਸ਼ ਭੱਤਾ ਹੀ ਮਿਲ ਰਿਹਾ ਹੈ। ਉਨ੍ਹਾਂ ਦੀ ਅਸਾਮੀ ਹੋਸਟਲ ਨਿਗਰਾਨ ਤੋਂ ਸਹਾਇਕ ਰਜਿਸਟਰਾਰ (ਹੋਸਟਲ) ਐਕਸ ਕੇਡਰ ਦੀ ਅਸਾਮੀ ਵਿਚ ਅਪਗ੍ਰੇਡ ਹੋਣ ਕਾਰਣ ਉਨ੍ਹਾਂ ਦੀ ਅਸਾਮੀ ਨਾਲ ਇਹ ਭੱਤੇ ਸ਼ਾਮਲ ਨਹੀਂ ਕੀਤੇ ਗਏ ਸਨ।

**ਪਾਸ ਹੋਇਆ** ਕਿ ਵਿਤ ਕਮੇਟੀ ਦੀ ਸਿਫਾਰਸ਼ ਦੇ ਅਧਾਰ 'ਤੇ ਸਿੰਡੀਕੇਟ ਦੀ ਇੱਕਤਰਤਾ ਮਿਤੀ 23.2.2009 ਦੇ ਪੈਰਾ 3 ਰਾਹੀਂ ਸ੍ਰੀ ਮੇਜਰ ਸਿੰਘ ਗਿੱਲ, ਜਿਸ ਦੀ ਅਸਾਮੀ ਹੋਸਟਲ ਨਿਗਰਾਨ (ਗ੍ਰੇਡ 7220-11660) ਤੋਂ ਸਹਾਇਕ

ਰਜਿਸਟਰਾਰ(ਹੋਸਟਲਾਂ) (ਗ੍ਰੇਡ 7880-11660) (ਐਕਸ ਕੇਡਰ) ਦੀ ਅਸਾਮੀ ਵਿਚ ਅਪਗ੍ਰੇਡ ਕੀਤੀ ਗਈ ਸੀ, ਨੂੰ ਯੂਨੀਵਰਸਿਟੀ ਵਿਚ ਕੰਮ ਕਰਦੇ ਦੂਜੇ ਸਹਾਇਕ ਰਜਿਸਟਰਾਰਾਂ ਦੀ ਤਰ੍ਹਾਂ ਮਿਲ ਰਹੇ 800/- ਰੁਪਏ ਸਵਾਰੀ ਭੱਤਾ ਅਤੇ 2000/- ਰੁਪਏ ਵਿਸ਼ੇਸ਼ ਭੱਤਾ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਸ੍ਰੀ ਇੰਦਰਜੀਤ ਸਿੰਘ, ਨਿੱਜੀ ਸਹਾਇਕ (ਸੇਵਾ-ਮੁਕਤ) ਦੀ ਕੰਟ੍ਰੈਕਟ ਨਿਯੁਕਤੀ ਵਿਚ ਵਾਧਾ।

46. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀ ਇੰਦਰਜੀਤ ਸਿੰਘ, ਨਿੱਜੀ ਸਹਾਇਕ (ਸੇਵਾ-ਮੁਕਤ), ਉਸਾਰੀ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 1.2.2012 ਤੋਂ 31.7.2012 ਤੱਕ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਵਾਧਾ ਕੀਤਾ ਜਾਂਦਾ ਹੈ।

ਸ੍ਰੀ ਅਜੀਤ ਸਿੰਘ, ਮੰਡਲ ਲੇਖਾਕਾਰ (ਸੇਵਾ-ਮੁਕਤ) ਦੀ ਕੰਟ੍ਰੈਕਟ ਨਿਯੁਕਤੀ ਵਿਚ ਵਾਧੇ ਦੀ ਪੁਸ਼ਟੀ।

47. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀ ਅਜੀਤ ਸਿੰਘ, ਮੰਡਲ ਲੇਖਾਕਾਰ, ਉਸਾਰੀ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 6.1.2012 ਤੋਂ 31.12.2012 ਤੱਕ (11 ਮਹੀਨੇ 26 ਦਿਨ) ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਤੇ ਵਾਧਾ ਕੀਤਾ ਹੈ।

ਉਸ ਦੀ ਨਿਯੁਕਤੀ ਹਾਜਰ ਹੋਣ ਦੀ ਮਿਤੀ ਤੋਂ ਮੰਨੀ ਜਾਵੇਗੀ।

ਵਿਤ ਕਮੇਟੀ ਦੀਆਂ ਮਿਤੀ 14.12.2011 ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

48. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਿੱਤ ਕਮੇਟੀ ਦੀਆਂ ਮਿਤੀ 14.12.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

ਇੰਟਰ ਯੂਨੀਵਰਸਿਟੀ ਕੰਪੀਟੀਸ਼ਨ ਵਿਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਵਿਸ਼ੇਸ਼ ਤੌਰ ਤੇ ਪ੍ਰੀਖਿਆ ਦੇਣ ਦੀ ਪੁਸ਼ਟੀ।

49. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਇੰਟਰ-ਯੂਨੀਵਰਸਿਟੀ ਕੰਪੀਟੀਸ਼ਨ ਵਿਚ ਭਾਗ ਲੈਣ ਕਾਰਣ ਕ੍ਰਿਕੇਟ ਟੀਮ (ਪੁਰਸ਼ ਅਤੇ ਇਸਤਰੀਆਂ) ਦੇ ਖਿਡਾਰੀ, ਜੋ ਨਵੰਬਰ/ਦਸੰਬਰ 2011 ਦੌਰਾਨ ਆਪਣੀਆਂ ਸਮੈਸਟਰ ਪ੍ਰੀਖਿਆਵਾਂ ਦੇ ਪੇਪਰ ਨਹੀਂ ਦੇ ਸਕੇ, ਨੂੰ ਉਨ੍ਹਾਂ ਅੱਗੇ ਦਰਸਾਏ ਵੇਰਵੇ ਅਨੁਸਾਰ ਰਹਿ ਗਏ ਪੇਪਰਾਂ ਦੀ ਵਿਸ਼ੇਸ਼ ਤੌਰ ਤੇ ਪ੍ਰੀਖਿਆ ਦੇਣ ਦੀ ਆਗਿਆ ਦਿੱਤੀ ਹੈ:-

1. ਅਰਮਿੰਦਰ ਸਿੰਘ, ਐਮ.ਐਸ.ਸੀ. (ਆਈ.ਟੀ.) ਸਮੈਸਟਰ ਤੀਜਾ
   MIT-301 : Network Protocol (4561/S)
   MIT-302: Advanced Web Technologies Using ASP.NET (4562/S)

2. ਰੋਬਿਨ ਸਿੰਘ, ਐਮ.ਏ. (ਇੰਗਲਿਸ਼) ਸਮੈਸਟਰ ਪਹਿਲਾ
   Paper-I (4001/S)
   Paper-II (4002/S)

3. ਸ਼ਰਦ ਲੂੰਬਾ, ਐਲ.ਐਲ.ਬੀ. (TYC) ਸਮੈਸਟਰ ਪਹਿਲਾ ਰੀਅਪੀਅਰ
   Paper-I : Constitutional Law-I (4741/S)

   ਐਲ.ਐਲ.ਬੀ. (TYC) ਸਮੈਸਟਰ ਤੀਜਾ
   Paper-I: Law of Crime (Panel Law) (4746/S)

4. ਸ਼ਰਨਦੀਪ ਕੌਰ, ਐਮ.ਏ. (ਪੋਲੀਟੀਕਲ ਸਾਇੰਸ) ਸਮੈਸਟਰ ਪਹਿਲਾ
Paper-I (4026/S)
Paper-II (4027/S)
Paper-III (4028/S)

5. ਰੋਹਿਨੀ ਠਾਕੁਰ, ਐਮ.ਏ. (ਮੀਡੀਆ ਸਟੱਡੀਜ਼ ਐਂਡ ਪ੍ਰੋਡਕਸ਼ਨ) ਸਮੈਸਟਰ ਪਹਿਲਾ
Paper-I (4301/S)
Paper-II (4302/S)
Paper-III (4303/S)

5. ਰੈਨੂੰ ਵਰਮਾ, ਐਮ.ਏ. (ਮੀਡੀਆ ਸਟੱਡੀਜ਼ ਐਂਡ ਪ੍ਰੋਡਕਸ਼ਨ) ਸਮੈਸਟਰ ਪਹਿਲਾ
Paper-I (4301/S)
Paper-II (4302/S)
Paper-III (4303/S)

**ਯੂਨੀਵਰਸਿਟੀ ਦੀ 38ਵੀਂ ਕਨਵੋਕੇਸ਼ਨ ਤੇ ਵੱਖ-ਵੱਖ ਪ੍ਰੀਖਿਆਵਾਂ ਦੇ ਯੋਗ ਉਮੀਦਵਾਰਾਂ ਨੂੰ ਡਿਗਰੀਆਂ ਪਰਦਾਨ ਕਰਨ ਦੀ ਪਰਵਾਨਗੀ।**

50. ਉਪ-ਕੁਲਪਤੀ ਸਾਹਿਬ ਦੀਆਂ ਸਿਫਾਰਸ਼ਾਂ 'ਤੇ ਵਿਚਾਰ ਉਪਰੰਤ:-

**ਪਾਸ ਹੋਇਆ** ਕਿ-

(ੳ) ਕਿ ਵੱਖ-ਵੱਖ ਪ੍ਰੀਖਿਆਵਾਂ ਦੇ ਹੇਠ ਲਿਖੇ ਅਨੁਸਾਰ ਪਾਸ ਉਮੀਦਵਾਰਾਂ ਨੂੰ ਯੂਨੀਵਰਸਿਟੀ ਦੀ 38ਵੀਂ ਕਨਵੋਕੇਸ਼ਨ ਤੇ ਡਿਗਰੀਆਂ ਪ੍ਰਾਪਤ ਕਰਨ ਲਈ ਸੱਦਾ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| | | |
|---|---|---|
| 1. | ਪੀ.ਐਚ.ਡੀ./ਐਮ.ਫਿਲ | ਸਾਰੇ ਉਮੀਦਵਾਰ |
| 2. | ਬਾਕੀ ਸਾਰੀਆਂ ਪ੍ਰੀਖਿਆਵਾਂ | ਪਹਿਲੀਆਂ ਤਿੰਨ ਪੋਜੀਸ਼ਨਾਂ ਬਸ਼ਰਤਿ ਕਿ ਉਨ੍ਹਾਂ ਨੇ ਇਹ ਪ੍ਰੀਖਿਆ ਪਹਿਲੇ ਦਰਜੇ ਵਿਚ ਪਾਸ ਕੀਤੀ ਹੋਵੇ। |

(ਅ) ਕਿ ਵੱਖ-ਵੱਖ ਫੈਕਲਟੀਆਂ ਦੇ ਪੀ.ਐਚ.ਡੀ., ਐਮ.ਫਿਲ. ਅਤੇ ਬਾਕੀ ਸਾਰੀਆਂ ਪ੍ਰੀਖਿਆਵਾਂ ਦੇ ਵਿਦਿਆਰਥੀਆਂ ਦੇ ਨਤੀਜੇ, ਜੋ ਹੇਠਾਂ ਦਰਸਾਈਆਂ ਮਿਤੀਆਂ ਤੱਕ ਨਿਕਲ ਚੁੱਕੇ ਹਨ, ਨੂੰ ਉਕਤ (ੳ) ਅਨੁਸਾਰ 38ਵੀਂ ਕਨਵੋਕੇਸ਼ਨ 'ਤੇ ਡਿਗਰੀਆਂ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| | | |
|---|---|---|
| 1. | ਪੀ.ਐਚ.ਡੀ. | ਕਨਵੋਕੇਸ਼ਨ ਦੀ ਮਿਤੀ ਤੋਂ ਇਕ ਦਿਨ ਪਹਿਲਾਂ |
| 2. | ਐਮ.ਫਿਲ. | ਕਨਵੋਕੇਸ਼ਨ ਦੀ ਮਿਤੀ ਤੋਂ ਤਿੰਨ ਦਿਨ ਪਹਿਲਾਂ |
| 3. | ਬਾਕੀ ਸਾਰੀਆਂ ਪ੍ਰੀਖਿਆਵਾਂ | ਸਿੰਡੀਕੇਟ ਦੀ ਇੱਕਤਰਤਾ ਦੀ ਮਿਤੀ ਤੱਕ |

ਇਹ **ਨੋਟ** ਕੀਤਾ ਕਿ ਯੂਨੀਵਰਸਿਟੀ ਦੀ 38ਵੀਂ ਕਨਵੋਕੇਸ਼ਨ 1 ਫਰਵਰੀ, 2012 ਨੂੰ ਯੂਨੀਵਰਸਿਟੀ ਕੈਂਪਸ ਵਿਖੇ ਹੋ ਰਹੀ ਹੈ।

**ਵੱਖ-ਵੱਖ ਕਾਲਜਾਂ ਵਿਖੇ ਵਿਦਿਆਰਥੀਆਂ ਦੇ ਲੇਟ ਦਾਖਲੇ ਦੀ ਪਰਵਾਨਗੀ।**

51. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ **ਅੰਤਿਕਾ** ਵਿਚ ਦਰਸਾਏ ਵੱਖ-ਵੱਖ ਕਾਲਜਾਂ ਵਿਖੇ ਬੀ.ਏ./ਬੀ.ਐਸ.ਸੀ./ਬੀ.ਕਾਮ./ਐਮ.ਏ./ਐਮ.ਐਸ.ਸੀ. ਅਤੇ ਡਿਪਲੋਮਾ ਆਦਿ ਕਲਾਸਾਂ ਵਿਚ 5000/- ਰੁਪਏ ਲੇਟ ਫੀਸ ਨਾਲ ਵਿਦਿਆਰਥੀਆਂ ਦਾ ਲੇਟ ਦਾਖਲਾ ਪਰਵਾਨ ਕੀਤਾ ਜਾਂਦਾ ਹੈ।

**ਡਾ. ਸੁਖਦੇਵ ਸਿੰਘ, ਪ੍ਰੋਫੈਸਰ ਅਤੇ ਮੁਖੀ, ਮੋਲੀਕਿਊਲਰ ਬਿਆਲੋਜੀ ਅਤੇ ਬਾਇਓ-ਕੈਮਿਸਟਰੀ ਵਿਭਾਗ ਨੂੰ ਕਮਿਊਟਿਡ ਮੈਡੀਕਲ ਛੁੱਟੀ ਪਰਦਾਨ ਕਰਨ ਦੀ ਪਰਵਾਨਗੀ।**

52. ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਸੁਖਦੇਵ ਸਿੰਘ, ਪ੍ਰੋਫੈਸਰ ਅਤੇ ਮੁਖੀ, ਮੋਲੀਕਿਊਲਰ ਬਿਆਲੋਜੀ ਅਤੇ ਬਾਇਓ-ਕੈਮਿਸਟਰੀ ਵਿਭਾਗ, ਜਿਸ ਨੂੰ ਸਿੰਡੀਕੇਟ ਦੀ ਇੱਕਤਰਤਾ ਮਿਤੀ 11.3.2011 ਦੇ ਪੈਰਾ 6 ਰਾਹੀਂ "Use of Lectin-capped nanoparticles to target cancer cells" ਪ੍ਰੋਜੈਕਟ ਵਾਸਤੇ ਕਨੇਡਾ ਜਾਣ ਲਈ ਮਿਤੀ 1.3.2011 ਤੋਂ 29.2.2012 ਤੱਕ ਪੂਰੀ ਤਨਖਾਹ ਤੇ ਸਬੈਟੀਕਲ ਛੁੱਟੀ ਦੀ ਪਰਵਾਨਗੀ ਦਿੱਤੀ ਗਈ ਸੀ, ਦੀ ਬੇਨਤੀ (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਮਿਤੀ 1.3.2012 ਤੋਂ 24.10.2012 ਤੱਕ ਕਮਿਊਟਿਡ ਮੈਡੀਕਲ ਛੁੱਟੀ ਪਰਦਾਨ ਕੀਤੀ ਜਾਂਦੀ ਹੈ।

**ਐਮ.ਬੀ.ਏ. (ਦੋ ਸਾਲਾ) ਅਤੇ ਐਮ.ਸੀ.ਏ.(ਪੰਜ ਸਾਲਾ) ਤੀਜੇ ਸਮੈਸਟਰ ਦੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਕਾਲਜ, ਜਲੰਧਰ ਤੋਂ ਯੂਨੀਵਰਸਿਟੀ ਕੈਂਪਸ ਵਿਖੇ ਮਾਈਗ੍ਰੇਟ ਕਰਨ ਦੀ ਪੁਸ਼ਟੀ ਅਤੇ ਨਿਯਮਾਂ ਵਿਚ ਵਿਵਸਥਾ ਕਰਨ ਦੀ ਪਰਵਾਨਗੀ।**

53. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(I) ਸਿੰਡੀਕੇਟ ਦੀ ਪਰਵਾਨਗੀ ਦੀ ਆਸ ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਐਮ.ਬੀ.ਏ. (ਦੋ ਸਾਲਾ) ਦੇ ਤੀਜੇ ਸਮੈਸਟਰ ਦੀ ਵਿਦਿਆਰਥਣ- ਰਸ਼ਬੀਰ ਢਿਲੋਂ ਨੂੰ 50000/- ਰੁਪਏ ਫੀਸ ਨਾਲ ਯੂਨੀਵਰਸਿਟੀ ਕਾਲਜ, ਜਲੰਧਰ ਤੋਂ ਯੂਨੀਵਰਸਿਟੀ ਕੈਂਪਸ ਵਿਖੇ ਖਾਲੀ ਸੀਟ ਉੱਤੇ ਮਾਈਗ੍ਰੇਸ਼ਨ ਦੀ ਪਰਵਾਨਗੀ ਦਿੱਤੀ ਹੈ।

(ਅ) ਐਮ.ਸੀ.ਏ. (ਪੰਜ ਸਾਲਾ) ਦੇ ਤੀਜੇ ਸਮੈਸਟਰ ਵਿਚ ਰੂਰਲ ਏਰੀਆ ਅਤੇ ਫਰੀਡਮ ਫਾਈਟਰ ਕੈਟੇਗਰੀ ਦੀ ਇੱਕ-ਇੱਕ ਖਾਲੀ ਸੀਟ ਜਨਰਲ ਕੈਟੇਗਰੀ ਵਿਚ ਤਬਦੀਲ ਕਰਨ ਅਤੇ ਜਨਰਲ ਕੈਟੇਗਰੀ ਅਧੀਨ ਤਿੰਨ ਹੋਰ ਖਾਲੀ ਸੀਟਾਂ (ਕੁੱਲ 5 ਸੀਟਾਂ) ਉੱਤੇ ਹੇਠ ਲਿਖੇ ਵਿਦਿਆਰਥੀਆਂ ਨੂੰ ਉਕਤ ਕਲਾਸ ਵਿਚ 50000/- ਰੁਪਏ ਪ੍ਰਤੀ ਵਿਦਿਆਰਥੀ ਫੀਸ ਨਾਲ ਯੂਨੀਵਰਸਿਟੀ ਕਾਲਜ, ਜਲੰਧਰ ਤੋਂ ਯੂਨੀਵਰਸਿਟੀ ਕੈਂਪਸ ਵਿਖੇ ਮਾਈਗ੍ਰੇਸ਼ਨ ਪਰਵਾਨ ਕੀਤੀ ਹੈ:-

1. ਮਨੋਜ ਭਾਟੀਆ
2. ਸੰਦੀਪ ਕੌਰ ਛੀਨਾ
3. ਅਮਨਦੀਪ ਸਿੰਘ
4. ਚੇਤਨ ਮਹਾਜਨ
5. ਅੰਮ੍ਰਿਤਪਾਲ ਸਿੰਘ

(II) ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜਾਂ ਤੋਂ ਯੂਨੀਵਰਸਿਟੀ ਕੈਂਪਸ ਜਾਂ ਯੂਨੀਵਰਸਿਟੀ ਕੈਂਪਸ ਤੋਂ ਯੂਨੀਵਰਸਿਟੀ ਦੇ ਕਾਂਸਟੀਚੂਐਂਟ ਕਾਲਜਾਂ ਵਿਖੇ ਵਿਦਿਆਰਥੀਆਂ ਦੀ ਮਾਈਗ੍ਰੇਸ਼ਨ ਸਬੰਧੀ ਨਿਯਮਾਂ ਵਿਚ ਵਿਵਸਥਾ ਕਰਨ 'ਤੇ ਵਿਚਾਰ ਹਿਤ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀਆਂ ਮਿਤੀ 15.12.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਹਨ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

**ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਵਿਖੇ ਸਮੈਸਟਰ ਸਿਸਟਮ ਅਧੀਨ ਅੰਡਰ-ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਕੋਰਸਾਂ ਲਈ ਸਾਂਝੇ ਅਧਿਆਦੇਸ਼ (Common Ordinaces) ਦੀ ਪਰਵਾਨਗੀ।**

54. ਵਿਚਾਰ ਉਪਰੰਤ

**ਪਾਸ ਹੋਇਆ** ਕਿ ਇਸ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਕਾਲਜਾਂ ਵਿਖੇ ਸਮੈਸਟਰ ਸਿਸਟਮ ਅਧੀਨ ਅੰਡਰ-ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਕੋਰਸਾਂ ਲਈ ਸਾਂਝੇ ਅਧਿਆਦੇਸ਼ (Common Ordinaces) ਬਣਾਉਣ ਲਈ ਗਠਿਤ ਕਮੇਟੀ ਦੀਆਂ ਮਿਤੀ 29.11.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

**ਬੀ.ਕਾਮ. ਭਾਗ-ਤੀਜਾ ਦੀ ਵਿਦਿਆਰਥਣ- ਮੇਘਾ ਸ਼ਿੰਗਾਰੀ ਨੂੰ ਅੰਗਰੇਜੀ ਦਾ ਪੇਪਰ ਦੇਣ ਲਈ ਵਿਸ਼ੇਸ਼ ਮੌਕਾ ਦੇਣ ਦੀ ਪਰਵਾਨਗੀ।**

55. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਬੀ.ਕਾਮ. ਭਾਗ-ਤੀਜਾ, ਅਪ੍ਰੈਲ 2011 ਦੀ ਵਿਦਿਆਰਥਣ- ਮੇਘਾ ਸ਼ਿੰਗਾਰੀ, ਰੋਲ ਨੰ: 9438, ਜੋ ਪ੍ਰੀਖਿਆ ਦੌਰਾਨ ਸ਼ਾਦੀ ਹੋਣ ਕਰਕੇ ਅਤੇ ਦੇਸ਼ ਤੋਂ ਬਾਹਰ ਹੋਣ ਕਰਕੇ ਪੇਪਰ-I (English) ਅਤੇ ਪ੍ਰਯੋਗੀ ਪ੍ਰੀਖਿਆ (Viva-voce) ਵਿਚ ਅਪੀਅਰ ਨਹੀਂ ਹੋ ਸਕੀ, ਅਤੇ ਜਿਸ ਨੂੰ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਅਨੁਸਾਰ 10000/- ਰੁਪਏ ਜੁਰਮਾਨੇ ਨਾਲ ਉਕਤ ਪ੍ਰੀਖਿਆ ਦੇਣ ਲਈ ਅਗਸਤ/ਸਤੰਬਰ 2011 ਵਿਚ ਵਿਸ਼ੇਸ਼ ਮੌਕਾ ਦਿੱਤਾ ਗਿਆ ਸੀ, ਪ੍ਰੰਤੂ ਬੀਮਾਰ (Pregnancy Problem) ਹੋਣ ਕਰਕੇ ਉਹ ਅੰਗਰੇਜੀ ਦਾ ਥਿਊਰੀ ਪੇਪਰ ਦੀ ਪ੍ਰੀਖਿਆ ਨਹੀਂ ਦੇ ਸਕੀ, ਨੂੰ ਅਪ੍ਰੈਲ 2012 ਵਿਚ ਉਕਤ ਪੇਪਰ ਦੇਣ ਦਾ ਵਿਸ਼ੇਸ਼ ਮੌਕਾ ਦਿੱਤਾ ਜਾਂਦਾ ਹੈ।

ਇਹ **ਨੋਟ ਕੀਤਾ** ਕਿ ਉਕਤ ਵਿਦਿਆਰਥਣ ਪ੍ਰੈਕਟੀਕਲ ਪ੍ਰੀਖਿਆ ਵਿਚੋਂ ਪਾਸ ਹੋ ਗਈ ਸੀ ਅਤੇ ਉਸ ਦਾ ਥਿਊਰੀ ਪੇਪਰ (ਅੰਗਰੇਜੀ) ਰਹਿੰਦਾ ਹੈ।

**ਯੂ.ਜੀ.ਸੀ. ਵੱਲੋਂ ਨਿਰਧਾਰਤ Code of Professional Ethics ਨੂੰ ਸਟੈਚਿਊਟ ਵਿਚ ਸ਼ਾਮਲ ਕਰਨ ਦੀ ਪਰਵਾਨਗੀ।**

56. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਹੋਈ ਕਿ **ਅੰਤਿਕਾ** ਵਿਚ ਦਰਜ ਯੂ.ਜੀ.ਸੀ. ਰੈਗੂਲੇਸ਼ਨ 17.0 ਅਧਿਆਪਕਾਂ ਲਈ ਨਿਰਧਾਰਤ ਕੀਤੇ Code of Professional Ethics ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 81-83 ਉੱਤੇ ਸਟੈਚਿਊਟ 94 ਤੋਂ ਬਾਅਦ ਸਟੈਚਿਊਟ 95 ਵਜੋਂ ਦਰਜ ਕੀਤਾ ਜਾਵੇ ਅਤੇ ਸਟੈਚਿਊਟ 95 ਅਤੇ 96 ਨੂੰ ਕ੍ਰਮਵਾਰ ਸਟੈਚਿਊਟ 96 ਅਤੇ 97 ਵਜੋਂ ਤਬਦੀਲ ਕੀਤਾ ਜਾਵੇ।

ਹੇਠ ਲਿਖੇ ਨੋਟ ‘ਤੇ ਵੀ ਵਿਚਾਰ ਹੋਈ:-

**ਨੋਟ**:-ਸਿੰਡੀਕੇਟ ਦੀ ਇੱਕਤਰਤਾ ਮਿਤੀ 19.8.2010 ਦੇ ਪੈਰਾ 22 ਅਨੁਸਾਰ ਯੂਨੀਵਰਸਿਟੀ ਅਤੇ ਕਾਲਜਾਂ ਵਿਖੇ ਅਧਿਆਪਕਾਂ ਅਤੇ ਅਕਾਦਮਿਕ ਸਟਾਫ ਦੀ ਨਿਯੁਕਤੀ ਆਦਿ ਲਈ ਘਟੋ-ਘਟ ਯੋਗਤਾਵਾਂ ਅਤੇ ਮਿਆਦ ਬਾਰੇ ਪ੍ਰਕ੍ਰਿਆ ਸਬੰਧੀ ਯੂ.ਜੀ.ਸੀ. ਦੁਆਰਾ ਜਾਰੀ ਪੱਤਰ ਨੰ: F.3-1/2009 ਮਿਤੀ 30.6.2010 ਦੇ ਅਧਾਰ ਉੱਤੇ ਵੱਖ-ਵੱਖ ਅਸਾਮੀਆਂ ਲਈ ਯੋਗਤਾਵਾਂ, ਸਿਲੈਕਸ਼ਨ ਕਮੇਟੀਆਂ, ਚੋਣ ਲਈ ਗਾਈਡਲਾਈਨਜ਼ ਅਤੇ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਤੱਰਕੀ ਸਬੰਧੀ ਨਿਯਮਾਂ ਨੂੰ ਅਡਾਪਟ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਨ੍ਹਾਂ ਰੈਗੂਲੇਸ਼ਨਜ਼ ਵਿਚ ਦਰਜ ਦੂਜੀਆਂ ਸਿਫਾਰਸ਼ਾਂ ਨੂੰ ਅਡਾਪਟ ਕਰਨ ਲਈ ਜਲਦੀ ਪ੍ਰਵਾਨਗੀ ਭੇਜਣ ਲਈ ਪੰਜਾਬ ਸਰਕਾਰ ਨੂੰ ਲਿਖਣ ਦਾ ਫੈਸਲਾ ਹੋਇਆ ਸੀ। ਇਸ ਸਬੰਧੀ ਪੰਜਾਬ ਸਰਕਾਰ ਨੂੰ ਰਜਿਸਟਰਾਰ ਸਾਹਿਬ ਵਲੋਂ ਮਿਤੀ 10.9.2010 ਨੂੰ ਪੱਤਰ ਲਿਖਿਆ ਗਿਆ ਸੀ ਪਰ ਅੱਜ ਤੱਕ ਇਸ ਸਬੰਧੀ ਅਜਿਹੀ ਕੋਈ ਪ੍ਰਵਾਨਗੀ ਪ੍ਰਾਪਤ ਨਹੀਂ ਹੋਈ। ਪੰਜਾਬ ਸਰਕਾਰ ਵੱਲੋਂ ਅਧਿਆਪਕ ਅਤੇ ਬਰਾਬਰ ਦੇ ਕੇਡਰ ਦੇ ਸੋਧੇ ਤਨਖਾਹ ਜਾਰੀ ਕਰਦੇ ਸਮੇਂ ਸਪਸ਼ਟ ਕੀਤਾ ਗਿਆ ਸੀ ਕਿ ਸਾਰੇ ਅਧਿਆਪਕ ਅਤੇ ਬਰਾਬਰ ਦੇ ਕੇਡਰ ਯੂ.ਜੀ.ਸੀ. ਵੱਲੋਂ ਸਿਫਾਰਸ਼ ਕੀਤੇ ਅਤੇ ਰਾਜ ਸਰਕਾਰ ਵਲੋਂ ਦਰਜ ਕੀਤੇ ਅਨੁਸਾਰ ਪ੍ਰੋਫੈਸ਼ਨਲ ਸਦਾਚਾਰਕ ਜਾਬਤੇ ਦੀ ਪਾਲਣਾ ਕਰਨਗੇ।

**ਪਾਸ ਹੋਇਆ** ਕਿ ਅਧਿਆਪਕਾਂ ਲਈ ਨਿਰਧਾਰਤ ਕੀਤੇ **ਅੰਤਿਕਾ** ਵਿਚ ਦਰਜ 17.0 Code of Professional Ethics ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 81-83 ਉੱਤੇ ਸਟੈਚਿਊਟ 94 ਤੋਂ ਬਾਅਦ ਸਟੈਚਿਊਟ 95 ਵਜੋਂ ਦਰਜ ਕਰਨ ਅਤੇ ਸਟੈਚਿਊਟ 95 ਅਤੇ 96 ਨੂੰ ਕ੍ਰਮਵਾਰ ਸਟੈਚਿਊਟ 96 ਅਤੇ 97 ਵਜੋਂ ਤਬਦੀਲ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ। ਸੋਧ ਹਿਤ ਮਾਮਲਾ ਰੈਗੂਲੇਸ਼ਨਜ਼ ਕਮੇਟੀ ਵਿਚ ਭੇਜ ਦਿੱਤਾ ਜਾਵੇ।

ਇਹ ਵੀ **ਪਾਸ ਹੋਇਆ** ਕਿ ਉਕਤ Code of Professional Ethics ਯੂਨੀਵਰਸਿਟੀ ਦੇ ਸਾਰੇ ਅਧਿਆਪਕਾਂ ਅਤੇ ਯੂਨੀਵਰਸਿਟੀ ਨਾਲ ਸਬੰਧਤਾ ਪ੍ਰਾਪਤ ਸਮੂਹ ਕਾਲਜਾਂ ਦੇ ਅਧਿਆਪਕਾਂ ਤੇ ਲਾਗੂ ਹੋਵੇਗਾ।

ਕੋਰਸ ਬੰਦ ਕਰਨ ਦੀ ਪਰਵਾਨਗੀ।

57. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸਨ 2012-13 ਤੋਂ **ਅੰਤਿਕਾ** ਵਿਚ ਦਰਸਾਏ ਕੋਰਸ ਬੰਦ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ ਕਿਉਂਜੋ ਇਨ੍ਹਾਂ ਵਿਚੋਂ ਕੁਝ ਕੋਰਸਾਂ ਵਿਚ ਕਿਸੇ ਵੀ ਵਿਦਿਆਰਥੀ ਨੇ ਦਾਖਲਾ ਨਹੀਂ ਲਿਆ ਅਤੇ ਕੁਝ ਕੋਰਸਾਂ ਵਿਚ ਦਾਖਲ ਹੋਏ ਵਿਦਿਆਰਥੀਆਂ ਦੀ ਗਿਣਤੀ 25 ਤੋਂ ਘੱਟ ਹੈ।

ਚੋਣ ਕਮੇਟੀ/ ਸਕਰੀਨਿੰਗ ਕਮੇਟੀ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।

58. ਹੇਠਾਂ ਦਰਸਾਏ ਅਨੁਸਾਰ ਯੂ.ਜੀ.ਸੀ. ਦੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਅਧਿਆਪਕਾਂ ਦੀ ਤਰੱਕੀ ਸਬੰਧੀ ਚੋਣ ਕਮੇਟੀ/ਸਕਰੀਨਿੰਗ ਕਮੇਟੀ ਦੀਆਂ ਮਿਤੀ 21.12.2011 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਉੱਤੇ ਵਿਚਾਰ ਹੋਈ:-

1. ਪ੍ਰੋਫੈਸਰ ਪੰਜਾਬੀ - ਡਾ. ਹਰਚੰਦ ਸਿੰਘ ਬੇਦੀ
2. ਪ੍ਰੋਫੈਸਰ ਪੰਜਾਬੀ - ਡਾ. ਰਮਿੰਦਰ ਕੌਰ
3. ਅਸਿਸਟੈਂਟ ਪ੍ਰੋਫੈਸਰ (ਸਟੇਜ 1 ਤੋਂ ਸਟੇਜ 2) - ਡਾ. ਦਰਿਆ

**ਪਾਸ ਹੋਇਆ** ਕਿ ਯੂ.ਜੀ.ਸੀ. ਦੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਅਧਿਆਪਕਾਂ ਦੀ ਤਰੱਕੀ ਸਬੰਧੀ ਚੋਣ ਕਮੇਟੀ/ਸਕਰੀਨਿੰਗ ਕਮੇਟੀ ਦੀਆਂ ਮਿਤੀ 21.12.2011 ਦੀਆਂ ਸਿਫਾਰਸ਼ਾਂ ਦੇ ਅਧਾਰ ਤੇ ਹੇਠ ਲਿਖੇ ਅਧਿਆਪਕਾਂ ਨੂੰ ਯੋਗ ਹੋਣ ਦੀ ਮਿਤੀ ਤੋਂ ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਪ੍ਰਮੋਟ ਕੀਤਾ ਜਾਂਦਾ ਹੈ:-

| | | |
|---|---|---|
| 1. | ਡਾ. ਹਰਚੰਦ ਸਿੰਘ ਬੇਦੀ, ਐਸੋਸੀਏਟ ਪ੍ਰੋਫੈਸਰ ਸਕੂਲ ਆਫ ਪੰਜਾਬੀ ਸਟੱਡੀਜ਼ | ਪ੍ਰੋਫੈਸਰ ਵਜੋਂ (ਸਟੇਜ 5) |
| 2. | ਡਾ. ਰਮਿੰਦਰ ਕੌਰ, ਐਸੋਸੀਏਟ ਪ੍ਰੋਫੈਸਰ ਸਕੂਲ ਆਫ ਪੰਜਾਬੀ ਸਟੱਡੀਜ਼ | ਪ੍ਰੋਫੈਸਰ ਵਜੋਂ (ਸਟੇਜ 5) |
| 3. | ਡਾ. ਦਰਿਆ, ਅਸਿਸਟੈਂਟ ਪ੍ਰੋਫੈਸਰ ਸਕੂਲ ਆਫ ਪੰਜਾਬੀ ਸਟੱਡੀਜ਼ | ਸਟੇਜ 1 ਤੋਂ ਸਟੇਜ 2 |

ਸਬੰਧਤ ਅਧਿਆਪਕਾਂ ਦੀ ਮੁੜ ਨਿਯੁਕਤੀ।

59. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 11.10.2004 ਦੇ ਪੈਰਾ 15 ਦੇ ਅਧਾਰ ਤੇ ਹੇਠ ਲਿਖੇ ਅਧਿਆਪਕਾਂ ਨੂੰ ਮਿਤੀ 31.12.2011 ਨੂੰ ਸੇਵਾ-ਮੁਕਤ ਹੋਣ ਉਪਰੰਤ ਮਿਤੀ 1.1.2012 ਤੋਂ 31.12.2013 ਤੱਕ ਦੋ ਸਾਲ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਬਣਦੀ ਤਨਖਾਹ ਤੇ ਮੁੜ ਨਿਯੁਕਤ ਕੀਤਾ ਜਾਂਦਾ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ ਅਤੇ ਅਹੁਦਾ | ਵਿਭਾਗ |
|---|---|---|
| 1. | ਡਾ. ਬਰਕਤ ਅਲੀ, ਪ੍ਰੋਫੈਸਰ | ਉਰਦੂ ਤੇ ਪਰਸ਼ੀਅਨ |
| 2. | ਡਾ. ਹਰੀਸ਼ ਚੰਦਰ ਸ਼ਰਮਾ, ਪ੍ਰੋਫੈਸਰ | ਹਿਸਟਰੀ |
| 3. | ਡਾ. ਹਰਚੰਦ ਸਿੰਘ ਬੇਦੀ, ਪ੍ਰੋਫਸਰ | ਸਕੂਲ ਆਫ ਪੰਜਾਬੀ ਸਟੱਡੀਜ਼ |

ਸਬੰਧਤ ਉਮੀਦਵਾਰਾਂ ਨੂੰ ਪੀਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।

60. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਉਨ੍ਹਾਂ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਸਵਪਨ ਦੀਪ ਕੌਰ | US Hegemony and the Working of Security Council: A Case Study of Afghanistan and Iraq War. | ਪੋਲੀਟੀਕਲ ਸਾਇੰਸ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |

| | | | |
|---|---|---|---|
| 2. | ਮੋਨਾ | Career Maturity of Adolescents in Relation to Intelligence, Self-Concept, Academic Achievement and Family Environment. | ਐਜੂਕੇਸ਼ਨ- ਐਜੂਕੇਸ਼ਨ ਫੈਕਲਟੀ। |
| 3. | ਰਜਿੰਦਰ ਸਿੰਘ ਕੌਂਡਲ | Preparation and Structure Elucidation of Several Ternary Glasses Containing Oxides of Bismuth and Lead. | ਅਪਲਾਈਡ ਫਿਜਿਕਸ- ਅਪਲਾਈਡ ਸਾਇੰਸਜ਼ ਫੈਕਲਟੀ। |
| 4. | ਦਿਨੇਸ਼ ਪਾਠਕ | Preparation and Characterization of $AgInSe_2$ Films for Photovoltaic Application. | ਫਿਜਿਕਸ- ਸਾਇੰਸਜ਼ ਫੈਕਲਟੀ। |
| 5. | ਰਵਿੰਦਰ ਸ਼ਰਮਾ | Molecular Heterogeneity of Mycobacterium tuberculosis Complex Isolates from Punjab, India. | ਮੋਲੀਕਿਊਲਰ ਬਿਆਲੋਜੀ ਤੇ ਬਾਇਓ-ਕੈਮਿਸਟਰੀ- ਲਾਈਫ ਸਾਇੰਸਜ਼ ਫੈਕਲਟੀ। |
| 6. | ਮਨਦੀਪ ਕੌਰ | Perception of Card Users and Member Establishments Towards Plastic Money in India. | ਕਾਮਰਸ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |

**ਡਾ. ਗੁਰਜੀਤ ਸਿੰਘ, ਪ੍ਰੋਫੈਸਰ, ਲਾਅ ਵਿਭਾਗ ਦੀ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਦੀ ਪੁਸ਼ਟੀ।**

61. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਗੁਰਜੀਤ ਸਿੰਘ, ਪ੍ਰੋਫੈਸਰ, ਲਾਅ ਵਿਭਾਗ ਨੂੰ ਡਾਇਰੈਕਟਰ ਜਨਰਲ ਆਫ ਨੈਸ਼ਨਲ ਲਾਅ ਸਕੂਲ ਅਤੇ ਜੁਡੀਸ਼ੀਅਲ ਅਕੈਡਮੀ (ਅਸਾਮ) ਵਜੋਂ ਜਾਇਨ ਕਰਨ ਹਿਤ ਮਿਤੀ 27.5.2011 ਤੋਂ 26.5.2014 ਤੱਕ ਤਿੰਨ ਸਾਲ ਲਈ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਦੀ ਪਰਵਾਨਗੀ ਦਿੱਤੀ ਹੈ।

**ਡਾ. ਰਜਨੀਸ਼ ਅਰੋੜਾ, ਡਾਇਰੈਕਟਰ ਪਲੇਸਮੈਂਟ ਦੀ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਦੀ ਪਰਵਾਨਗੀ।**

62. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਡਾ. ਰਜਨੀਸ਼ ਅਰੋੜਾ, ਡਾਇਰੈਕਟਰ ਪਲੇਸਮੈਂਟ, ਜਿਸ ਨੂੰ ਸਿੰਡੀਕੇਟ ਦੀ ਇਕੱਤਰਤਾ ਮਿਤੀ 23.2.2009 ਦੇ ਪੈਰਾ 26 ਰਾਹੀਂ ਮਿਤੀ 24.12.2008 ਤੋਂ ਤਿੰਨ ਸਾਲ ਲਈ ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਖੇ ਵਾਈਸ-ਚਾਂਸਲਰ ਵਜੋਂ ਜਾਇਨ ਕਰਨ ਹਿਤ ਡੈਪੂਟੇਸ਼ਨ ਤੇ ਭੇਜਣ ਦੀ ਪਰਵਾਨਗੀ ਦਿੱਤੀ ਗਈ ਸੀ, ਨੂੰ ਉਕਤ ਮੰਤਵ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਮਿਤੀ 24.12.2011 ਤੋਂ ਤਿੰਨ ਸਾਲ ਲਈ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

ਪੱਕੀ ਕੀਤੀ ਗਈ।

ਸਹੀ/-

(ਅ.ਸ. ਬਰਾੜ)
ਉਪ-ਕੁਲਪਤੀ